ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com  DAILY CHARHDIKALA, NEW DELHI  Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ  ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ'  ਸੰਪਾਦਕ : ਜਸਕੀਰਤ ਸਿੰਘ

PRGI (RNI) Regd. No. 57283/1994 ਸਾਲ/ year 31 ਅੰਕ ਨੰ. Volume No : 104 ਨਵੀਂ ਦਿੱਲੀ, ਵੀਰਵਾਰ 16 ਅਪ੍ਰੈਲ, 2026, Thursday 16 April, 2026 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936

### ਮੈਂਬਰ ਮਿੱਤਲ ਦੇ 9 ਟਿਕਾਣਿਆਂ ਤੇ ED ਦੀ ਰੇਡ

ਜਲੰਧਰ 15 ਅਪ੍ਰੈਲ (ਚ.ਨ.ਸ.) ਪੰਜਾਬ 'ਚ ਅੱਜ ਈ.ਡੀ. ਵੱਲੋਂ ਇਕ ਵੱਡੀ ਕਾਰਵਾਈ ਕਰਦਿਆਂ ਮਸ਼ਹੂਰ ਕਾਰੋਬਾਰੀ ਅਤੇ ਰਾਜ ਸਭਾ ਮੈਂਬਰ ਮਿੱਤਲ ਦੇ 9 ਟਿਕਾਣਿਆਂ 'ਤੇ ਛਾਪੇਮਾਰੀ ਕੀਤੇ ਜਾਣ ਦੀ ਖਬਰ ਮਿਲੀ ਹੈ। ਜਾਣਕਾਰੀ ਮੁਤਾਬਕ ਦਿੱਲੀ ਤੋਂ ਆਈਆਂ ਈ.ਡੀ. ਦੀਆਂ ਟੀਮਾਂ ਵੱਲੋਂ ਜਲੰਧਰ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਸਣੇ ਹਰਿਆਣਾ 'ਚ ਵੀ ਮਿੱਤਲ ਦੇ 9 ਕਾਰੋਬਾਰੀ ਟਿਕਾਣਿਆਂ 'ਤੇ ਇਕੱਠਿਆਂ ਛਾਪੇਮਾਰੀ ਕੀਤੀ ਗਈ। ਫਗਵਾੜਾ ਸਥਿਤ ਲਵਲੀ ਯੂਨੀਵਰਸਿਟੀ 'ਚ ਅੱਜ ਸਵੇਰੇ ਈ.ਡੀ ਦੀਆਂ ਟੀਮਾਂ ਪਹੁੰਚੀਆਂ, ਜਿਨਾਂ ਵੱਲੋਂ ਉੱਥੇ ਜਾਂਚ ਕੀਤੀ ਜਾ ਰਹੀ ਹੈ, ਇਸ ਤੋਂ ਇਲਾਵਾ ਲਵਲੀ ਸਵੀਟਸ ਅਤੇ ਹੋਰ ਟਿਕਾਣਿਆਂ 'ਤੇ ਵੀ ਈ.ਡੀ. ਦੀ ਜਾਂਚ ਜਾਰੀ ਹੈ। ਉਨ੍ਹਾਂ ਦੀ ਰਿਹਾਇਸ਼ ਅਤੇ ਦਫ਼ਤਰਾਂ 'ਤੇ ਵੀ ਈ.ਡੀ. ਦੀਆਂ ਟੀਮਾਂ ਦੇ ਮੌਜੂਦ ਹੋਣ ਦੀ ਖ਼ਬਰ ਹੈ।

### ਮੋਦੀ ਨੇ ਲੋਕਾਂ ਨੂੰ 9 ਸੰਕਲਪ ਲੈਣ ਦੀ ਕੀਤੀ ਅਪੀਲ

ਮਾਂਡਯਾ 15 ਅਪ੍ਰੈਲ (ਵਿਸ਼ੇਸ਼ ਪ੍ਰਤੀਨਿਧੀ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਲੋਕਾਂ ਨੂੰ 'ਵਿਕਸਿਤ ਕਰਨਾਟਕ ਅਤੇ ਵਿਕਸਿਤ ਭਾਰਤ' ਦੇ ਟੀਚੇ ਨੂੰ ਹਾਸਲ ਕਰਨ ਲਈ ਜਲ ਸੰਭਾਲ, ਕੁਦਰਤੀ ਖੇਤੀ, ਫਿਟਨੈੱਸ ਅਤੇ ਸੇਵਾ ਸਮੇਤ 9 ਸਮੂਹਿਕ ਸੰਕਲਪ ਲੈਣ ਦੀ ਅਪੀਲ ਕੀਤੀ। ਆਪਣੀਆਂ ਤਰਜੀਹਾਂ ਗਿਣਾਉਂਦੇ ਹੋਏ ਪੀ.ਐੱਮ. ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਪਹਿਲੀ ਅਪੀਲ ਜਲ ਸੰਭਾਲ ਅਤੇ ਬਿਹਤਰ ਜਲ ਸੰਭਾਲ ਨੂੰ ਲੈ ਕੇ ਹੈ। ਉਨ੍ਹਾਂ ਨੇ ਮਾਂਡਯਾ ਸਥਿਤ ਆਦਿਚੁੰਚਨਗਿਰੀ ਮਹਾਸੰਸਥਾਨ ਮੱਠ 'ਚ ਸ਼੍ਰੀ ਗੁਰੂ ਭੈਰਵੈਕਯ ਮੰਦਰ ਦਾ ਉਦਘਾਟਨ ਕਰਨ ਲਈ ਆਯੋਜਿਤ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਜੇਕਰ ਅਸੀਂ ਇਨ੍ਹਾਂ 9 ਸੰਕਲਪਾਂ ਨੂੰ ਈਮਾਨਦਾਰੀ ਅਤੇ ਦ੍ਰਿੜ ਸੰਕਲਪ ਨਾਲ ਅੱਗੇ ਵਧੀਏ ਤਾਂ ਅਸੀਂ ਤੇਜ਼ੀ ਨਾਲ ਵਿਕਸਿਤ ਕਰਨਾਟਕ ਅਤੇ ਵਿਕਸਿਤ ਭਾਰਤ ਦੀ ਦਿਸ਼ਾ 'ਚ ਤਰੱਕੀ ਕਰ ਸਕਦੇ ਹਾਂ।

## ਨਾਰੀ ਸ਼ਕਤੀ ਵੰਦਨ ਅਧਿਨਿਯਮ ਮਹਿਲਾਵਾਂ ਨੂੰ ਦੇਸ਼ ਦੇ ਨੀਤੀ ਨਿਰਮਾਣ ਵਿੱਚ ਲੀਡਰਸ਼ਿਪ ਦੀ ਭੂਮਿਕਾ ਪ੍ਰਦਾਨ ਕਰੇਗਾ : ਮੁੱਖ ਮੰਤਰੀ



ਪੰਚਕੂਲਾ 15 ਅਪ੍ਰੈਲ (ਵਿਸ਼ੇਸ਼ ਪ੍ਰਤੀਨਿਧੀ) ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਨਾਰੀ ਸ਼ਕਤੀ ਵੰਦਨ ਅਧਿਨਿਯਮ ਮਹਿਲਾਵਾਂ ਨੂੰ ਦੇਸ਼ ਦੇ ਨੀਤੀ ਨਿਰਮਾਣ ਵਿੱਚ ਲੀਡਰਸ਼ਿਪ ਦੀ ਭੂਮਿਕਾ ਪ੍ਰਦਾਨ ਕਰੇਗਾ। ਮੁੱਖ ਮੰਤਰੀ ਅੱਜ ਚੰਡੀਗੜ੍ਹ ਦੇ ਸੈਕਟਰ 38 ਸਥਿਤ ਰਾਣੀ ਲੱਛਮੀ ਬਾਈ ਭਵਨ ਵਿੱਚ ਆਯੋਜਿਤ ਪ੍ਰੋਗਰਾਮ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ ਹਰਿਆਣਾ ਦੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸ਼ਰੂਤੀ ਚੌਧਰੀ ਵੀ ਮੌਜੂਦਸੀ। ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਲਾਂ ਤੱਕ ਸਾਡੀ ਵਿਵਸਥਾ ਵਿੱਚ ਮਹਿਲਾਵਾਂ ਦੀ ਭੂਮਿਕਾ ਨੂੰ ਸੀਮਤ ਕਰਨ ਦਾ ਯਤਨ ਹੋਇਆ। ਉਹ ਘਰ ਦੀ ਚਾਰਦੀਵਾਰੀ ਤੱਕ ਸੀਮਤ ਕਰ ਦਿੱਤੀਆਂ ਗਈਆਂ, ਫੈਸਲਾ ਲੈਣ ਦੀ ਪ੍ਰਕਿਰਿਆ ਤੋਂ ਦੂਰ ਰੱਖੀਆਂ ਗਈਆਂ। ਫਿਰ ਵੀ ਰਾਣੀ ਪਦਮਾਵਤੀ, ਰਾਣੀ ਦੁਰਗਾਵਤੀ, ਚਾਂਦਬੀਬੀ, ਰਾਣੀ ਲੱਛਮੀਬਾਈ ਵਰਗੀਆਂ ਕੁਝ ਨਾਰੀਆਂ ਨੇ ਇਸ ਕਾਲ ਵਿੱਚ ਵੀ ਆਪਣੀ ਪ੍ਰਤਿਭਾ ਅਤੇ ਬੁੱਧੀਮਾਨੀ ਦੀ ਛਾਪ ਛੱਡੀ ਹੈ।ਉਨ੍ਹਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਵੱਲੋਂ ਮਹਿਲਾਵਾਂ ਦੀ ਭਲਾਈ ਲਈ ਸ਼ੁਰੂ ਕੀਤੀਆਂ ਗਈਆਂ ਯੋਜਨਾਵਾਂ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਾਲ 2015 ਵਿੱਚ ਜਦੋਂ ਮੋਦੀ ਜੀ ਨੇ ਹਰਿਆਣਾ ਦੇ ਪਾਣੀਪਤ ਤੋਂ ÷ਬੇਟੀ ਬਚਾਓ-ਬੇਟੀ ਪੜ੍ਹਾਓ÷ ਦਾ ਨਾਅਰਾ ਦਿੱਤਾ ਤਾਂ ਉਸਦੀ ਗੂੰਜ ਪੂਰੇ ਦੇਸ਼ ਵਿੱਚ ਸੁਣਾਈ ਦਿੱਤੀ।

## 'ਸਾਨੂੰ ਚੇਤੇ ਨ੍ਹੀਂ ਕਿੱਥੇ-ਕਿੱਥੇ ਵਿਛਾਈਆਂ ਮਾਈਨਜ਼, ਹਾਰਮੁਜ਼ ਬਾਰੇ ਨਵੀਂ ਰਿਪੋਰਟ ਨੇ ਸੁਕਾਏ ਸਾਰੇ ਦੇਸ਼ਾਂ ਦੇ ਸਾਹ

ਵਾਸ਼ਿੰਗਟਨ/ਤਹਿਰਾਨ, 15 ਅਪ੍ਰੈਲ (ਪ੍ਰਤੀਨਿਧੀ): ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਇੱਕ ਹੈਰਾਨੀਜਨਕ ਖ਼ਬਰ ਸਾਹਮਣੇ ਆਈ ਹੈ ਕਿ ਇਰਾਨ ਨੇ ਹਾਰਮੁਜ਼ ਜਲਡਮਰੂਮੱਧ 'ਚ ਜੋ ਸਮੁੰਦਰੀ ਸੁਰੰਗਾਂ ਵਿਛਾਈਆਂ ਸਨ, ਹੁਣ ਉਹ ਖੁਦ ਉਨ੍ਹਾਂ ਦਾ ਪਤਾ ਲਗਾਉਣ 'ਚ ਅਸਫ਼ਲ ਰਿਹਾ ਹੈ। ਇਸ ਕਾਰਨ ਇਸ ਮਹੱਤਵਪੂਰਨ ਸਮੁੰਦਰੀ ਵਪਾਰਕ ਰਸਤੇ ਨੂੰ ਮੁੜ ਖੋਲ੍ਹਣ 'ਚ ਵੱਡੀ ਰੁਕਾਵਟ ਪੈਦਾ ਹੋ ਰਹੀ ਹੈ।




### ਲਾਪਰਵਾਹੀ ਨਾਲ ਵਿਛਾਈਆਂ ਗਈਆਂ ਸੁਰੰਗਾਂ ਬਣੀਆਂ ਮੁਸੀਬਤ

ਸੂਤਰਾਂ ਅਨੁਸਾਰ, ਇਰਾਨ ਨੇ ਮਾਰਚ 'ਚ ਜੰਗ ਸ਼ੁਰੂ ਹੋਣ ਤੋਂ ਬਾਅਦ ਛੋਟੀਆਂ ਕਿਸ਼ਤੀਆਂ ਰਾਹੀਂ ਬਹੁਤ ਹੀ ਹੈਫ਼ਜ਼ਰਡ (ਲਾਪ੍ਰਵਾਹੀ) ਤਰੀਕੇ ਨਾਲ ਇਹ ਸੁਰੰਗਾਂ ਵਿਛਾਈਆਂ ਸਨ।ਈਰਾਨ ਨੇ ਇਨ੍ਹਾਂ ਸੁਰੰਗਾਂ ਦੀ ਸਹੀ ਸਥਿਤੀ ਦਾ ਕੋਈ ਸਿਸਟਮੈਟਿਕ ਰਿਕਾਰਡ ਨਹੀਂ ਰੱਖਿਆ, ਜਿਸ ਕਾਰਨ ਕਈ ਸੁਰੰਗਾਂ ਆਪਣੀ ਅਸਲ ਜਗ੍ਹਾ ਤੋਂ ਵਹਿ ਕੇ ਦੂਰ ਚਲੀਆਂ ਗਈਆਂ ਹਨ।ਅਮਰੀਕੀ ਅਧਿਕਾਰੀਆਂ ਦਾ ਅਨੁਮਾਨ ਹੈ ਕਿ ਇਰਾਨ ਕੋਲ 2000 ਤੋਂ 6000 ਦੇ ਵਿੱਚਕਾਰ ਸਮੁੰਦਰੀ ਸੁਰੰਗਾਂ ਹੋ ਸਕਦੀਆਂ ਹਨ, ਪਰ ਹੁਣ ਉਨ੍ਹਾਂ ਦੀ ਸਹੀ ਗਿਣਤੀ ਤੇ ਲੋਕੇਸ਼ਨ ਬਾਰੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਹੈ। ਇਰਾਨ ਦੇ ਵਿਦੇਸ਼ ਮੰਤਰੀ ਨੇ ਕਿਹਾ ਸੀ ਕਿ 'ਤਕਨੀਕੀ ਸੀਮਾਵਾਂ' ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਰਸਤੇ ਨੂੰ ਆਵਾਜਾਈ ਲਈ ਖੋਲ੍ਹਿਆ ਜਾਵੇਗਾ। ਹਾਲਾਂਕਿ, ਅਮਰੀਕੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ 'ਤਕਨੀਕੀ ਸੀਮਾ' ਅਸਲ ਵਿੱਚ ਇਰਾਨ ਦੀ ਆਪਣੀਆਂ ਹੀ ਸੁਰੰਗਾਂ ਨੂੰ ਲੱਭਣ ਅਤੇ ਹਟਾਉਣ ਵਿੱਚ ਅਸਮਰੱਥਾ ਹੈ। ਇਸ ਗੰਭੀਰ ਮੁੱਦੇ ਦੇ ਵਿੱਚਕਾਰ, ਇਰਾਨ ਦੇ ਪ੍ਰਤੀਨਿੱਧੀ ਅੱਬਾਸ ਅਰਾਗਚੀ ਇਸਲਾਮਾਬਾਦ ਵਿੱਚ ਜੇ.ਡੀ. ਵੈਂਸ ਨਾਲ ਮੁਲਾਕਾਤ ਕਰ ਰਹੇ ਹਨ, ਜਿੱਥੇ ਹਾਰਮੁਜ਼ ਦੇ ਰਸਤੇ ਨੂੰ ਖੋਲ੍ਹਣ 'ਤੇ ਚਰਚਾ ਹੋਣ ਦੀ ਉਮੀਦ ਹੈ। ਮਾਹਰਾਂ ਦਾ ਕਹਿਣਾ ਹੈ ਕਿ ਸਮੁੰਦਰੀ ਸੁਰੰਗਾਂ ਨੂੰ ਹਟਾਉਣਾ ਉਨ੍ਹਾਂ ਨੂੰ ਵਿਛਾਉਣ ਨਾਲੋਂ ਕਿਤੇ ਜ਼ਿਆਦਾ ਮੁਸ਼ਕਿਲ ਹੈ। ਫ਼ਿਲਹਾਲ ਅਮਰੀਕੀ ਫ਼ੌਜ ਕੋਲ ਵੀ ਸੁਰੰਗਾਂ ਹਟਾਉਣ ਦੀਆਂ ਬਹੁਤ ਜ਼ਿਆਦਾ ਮਜ਼ਬੂਤ ਸਮਰੱਥਾਵਾਂ ਨਹੀਂ ਹਨ



## 150 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ

ਟਾਂਡਾ (ਹੁਸ਼ਿਆਰਪੁਰ); 15 ਅਪ੍ਰੈਲ (ਵਿਸ਼ੇਸ਼ ਪ੍ਰਤੀਨਿਧੀ) ਪੰਜਾਬ ਦੇ ਕੰਢੀ ਖੇਤਰ ਵਿੱਚ ਦਹਾਕਿਆਂ ਦੀ ਅਣਦੇਖੀ ਨੂੰ ਦੂਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਟਾਂਡਾ ਉੜਮੁੜ ਵਿੱਚ 150 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਲਗਭਗ 70 ਸਾਲਾਂ ਤੋਂ ਸਹੂਲਤਾਂ ਪੱਖੋਂ ਵਾਂਝੇ ਪਿੰਡਾਂ ਲਈ ਆਧੁਨਿਕ ਸੜਕੀ ਬੁਨਿਆਦੀ ਢਾਂਚਾ, ਉੱਚ ਪੱਧਰੀ ਪੁਲ ਅਤੇ ਅਤਿ-ਆਧੁਨਿਕ ਸਿਹਤ ਸਹੂਲਤਾਂ ਦੇ ਵਿਆਪਕ ਨੈੱਟਵਰਕ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪਹਿਲਕਦਮੀ ਪਿਛਲੀਆਂ ਸਰਕਾਰਾਂ ਦੇ ਸਿਆਸੀ ਵਿਤਕਰੇ ਨੂੰ ਦੂਰ ਕਰਕੇ ਫੈਸਲਾਕੁੰਨ ਬਦਲਾਅ ਲਿਆਏਗੀ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਲੰਬੇ ਸਮੇਂ ਤੋਂ ਅਣਗੌਲਿਆਂ ਕੀਤੇ ਇਸ ਖੇਤਰ ਨੂੰ ਬਿਹਤਰ ਬੁਨਿਆਦੀ ਢਾਂਚਾ ਅਤੇ ਮਾਣ-ਸਨਮਾਨ ਪ੍ਰਦਾਨ ਕਰਨ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਅਕਾਲੀ ਦਲ ਨੂੰ ਜਨਤਾ ਦੇ ਭਰੋਸੇ ਨੂੰ ਤੋੜਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰਾਦਰ ਕਰਨ ਲਈ ਵੀ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਅੱਜ ਦੀ ਇਸ ਪਹਿਲਕਦਮੀ ਨੂੰ ਵਿਕਾਸ ਵਿੱਚ ਵਾਧੇ ਅਤੇ ਸੂਬੇ ਦੀ ਸਿਆਸਤ ਲਈ ਨੈਤਿਕ ਮੁਲਾਂਕਣ ਵਜੋਂ ਦਰਸਾਇਆ।

## CM ਸਮਰਾਟ ਚੌਧਰੀ ਸੰਭਾਲਣਗੇ 29 ਮੰਤਰਾਲੇ

ਨਵੀਂ ਦਿੱਲੀ 15 ਅਪ੍ਰੈਲ (ਵਿਸ਼ੇਸ਼ ਪ੍ਰਤੀਨਿਧੀ) ਬਿਹਾਰ ਦੀ ਰਾਜਨੀਤੀ 'ਚ ਵਿਭਾਗਾਂ ਦੀ ਵੰਡ ਨੂੰ ਲੈ ਕੇ ਨਵੇਂ ਸ਼ਕਤੀ ਸਮੀਕਰਨ ਉਭਰ ਕੇ ਸਾਹਮਣੇ ਆਏ ਹਨ। ਸੂਬੇ ਦੇ ਨਵੇਂ ਮੁੱਖ ਮੰਤਰੀ ਸਮਰਾਟ ਚੌਧਰੀ ਤੇ ਦੋਵਾਂ ਉਪ ਮੁੱਖ ਮੰਤਰੀਆਂ ਵਿਚਕਾਰ ਅਹਿਮ ਮੰਤਰਾਲਿਆਂ ਦੀ ਵੰਡ ਕਰ ਦਿੱਤੀ ਗਈ ਹੈ। ਇਸ ਨਵੀਂ ਵਿਵਸਥਾ ਵਿੱਚ ਮੁੱਖ ਮੰਤਰੀ ਨੇ



ਆਪਣੇ ਕੋਲ ਸਭ ਤੋਂ ਵੱਧ ਤਾਕਤ ਰੱਖੀ ਹੈ। ਸਮਰਾਟ ਚੌਧਰੀ ਨੇ ਆਪਣੇ ਕੋਲ ਕੁੱਲ 29 ਮੰਤਰਾਲੇ ਰੱਖੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਬੇਹਦ ਅਹਿਮ ਗ੍ਰਹਿ ਵਿਭਾਗ ਵੀ ਉਨ੍ਹਾਂ ਦੇ ਕੋਲ ਹੀ ਰਹੇਗਾ। ਗ੍ਰਹਿ ਮੰਤਰਾਲਾ ਆਪਣੇ ਕੋਲ ਰੱਖ ਕੇ ਸਮਰਾਟ ਚੌਧਰੀ ਰਾਜ ਦੀ ਕਾਨੂੰਨ-ਵਿਵਸਥਾ ਨਾਲ ਜੁੜੇ ਫੈਸਲਿਆਂ ਵਿੱਚ ਕੇਂਦਰੀ ਅਤੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣਗੇ। ਇਸ ਤੋਂ ਇਲਾਵਾ ਉਨ੍ਹਾਂ ਕੋਲ ਸਿਹਤ, ਉਦਯੋਗ, ਖੇਤੀਬਾੜੀ, ਮਾਲ ਤੇ ਭੂਮੀ ਸੁਧਾਰ, ਨਗਰ ਵਿਕਾਸ ਅਤੇ ਖੇਡਾਂ ਵਰਗੇ ਅਹਿਮ ਵਿਭਾਗ ਹਨ।

ਵਿਜੇ ਕੁਮਾਰ ਚੌਧਰੀ ਨੂੰ 10 ਵਿਭਾਗਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਬਿਜੇਂਦਰ ਯਾਦਵ ਨੂੰ 8 ਵਿਭਾਗ ਦਿੱਤੇ ਗਏ ਹਨ। ਸਰੋਤਾਂ ਅਨੁਸਾਰ ਇਹ ਵੰਡ ਕਾਫੀ ਦਿਲਚਸਪ ਹੈ ਕਿਉਂਕਿ ਜੇਡੀਯੂ ਦੇ ਦੋਵੇਂ ਦਿੱਗਜ ਨੇਤਾ (ਵਿਜੇ ਕੁਮਾਰ ਚੌਧਰੀ ਅਤੇ ਬਿਜੇਂਦਰ ਯਾਦਵ) ਮਿਲ ਕੇ ਵੀ ਸਿਰਫ਼ 18 ਵਿਭਾਗਾਂ ਤੱਕ ਸੀਮਤ ਹਨ, ਜਦੋਂ ਕਿ ਇਕੱਲੇ ਮੁੱਖ ਮੰਤਰੀ ਕੋਲ 29 ਵਿਭਾਗ ਹਨ। ਸਿਆਸੀ ਹਲਕਿਆਂ ਵਿੱਚ ਇਹ ਚਰਚਾ ਤੇਜ਼ ਹੈ ਕਿ ਇਸ ਵੰਡ ਤੋਂ ਬਾਅਦ ਮੁੱਖ ਮੰਤਰੀ ਸਮਰਾਟ ਚੌਧਰੀ ਦਾ ਕੱਦ ਅਤੇ ਪ੍ਰਭਾਵ ਸਰਕਾਰ ਵਿੱਚ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਧ ਗਿਆ ਹੈ

## ਆਈਐਮਸੀ ਹਿਸਾਰ ਪਰਿਯੋਜਨਾ ਨੇ ਫੜੀ ਰਫਤਾਰ

ਪੰਚਕੂਲਾ 15 ਅਪ੍ਰੈਲ (ਵਿਸ਼ੇਸ਼ ਪ੍ਰਤੀਨਿਧੀ) ਹਰਿਆਣਾ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਅੱਜ ਇੱਥੇ ਇੱਕ ਉੱਚ ਪੱਧਰੀ ਮੀਟਿੰਗ ਵਿੱਚ ਮਹਤੱਵਪੂਰਣ ਇੰਟੀਗ੍ਰੇਟੇਡ ਮੈਨੂਫੈਕਚਰਿੰਗ ਕਲਸਟਰ (ਆਈਐਮਸੀ) ਹਿਸਾਰ ਪ੍ਰੋਜੈਕਟ ਦੀ ਪ੍ਰਗਤੀ ਦੀ ਸਮੀਖਿਆ ਦੌਰਾਨ ਪ੍ਰੋਜੈਕਟ ਨਾਲ ਜੁੜੇ ਮਹਤੱਵਪੂਰਨ ਫੈਸਲਿਆਂ ਨੂੰ ਜਲੀ ਲਾਗੂ ਕਰਨ ਦੇ ਨਿਰਦੇਸ਼ ਦਿੱਤੇ।

ਮੀਟਿੰਗ ਦੀ ਅਗਵਾਈ ਕਰਦੇ ਹੋਏ ਮੁੱਖ ਸਕੱਤਰ ਨੇ ਵਿਭਾਗਾਂ ਦੇ ਵਿੱਚ ਬਿਹਤਰ ਤਾਲਮੇਲ ਸਥਾਪਿਤ ਕਰਨ ਅਤੇ ਇਸ ਦੇ ਸਮੇਂਬੱਧ ਲਾਗੂ ਕਰਨ 'ਤੇ ਜੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਇਹ ਪ੍ਰੋਜੈਕਟ ਸੂਬੇ ਦੀ ਉਦਯੋਗਿਕ ਸਮਰੱਥਾ ਨੂੰ ਵਧਾਉਣ, ਨਿਵੇਸ਼ ਆਕਰਸ਼ਿਤ ਕਰਨ ਅਤੇ ਵੱਡੇ ਪੈਮਾਨੇ 'ਤੇ ਰੁਜ਼ਗਾਰ ਸ੍ਰਿਜਨ ਵਿੱਚ ਮਹਤੱਵਪੂਰਣ ਭੂਮਿਕਾ ਨਿਭਾਏਗੀ।

ਸਿਵਲ ਏਵੀਏਸ਼ਨ ਵਿਭਾਗ ਦੀ ਵਧੀਕ ਮੁੱਖ ਸਕੱਤਰ ਸ੍ਰੀਮਤੀ ਜੀ. ਅਨੁਪਮਾ ਨੇ ਦਸਿਆ ਕਿ ਪ੍ਰੋਜੈਕਟ ਵੱਖ-ਵੱਖ ਮੋਰਚਿਆਂ 'ਤੇ ਤੇਜੀ ਨਾਲ ਅੱਗੇ ਵੱਧ ਰਿਹਾ ਹੈ। ਯੋਜਨਾ ਨਿਰਮਾਣ, ਬੁਨਿਆਦੀ ਢਾਂਚਾ ਵਿਕਾਸ ਅਤੇ ਹੋਰ ਮੰਜੂਰੀਆਂ 'ਤੇ ਸਮਾਨਤਾ ਨਾਲ ਕੰਮ ਕੀਤਾ ਜਾ ਰਿਹਾ ਹੈ। ਅੰਮ੍ਰਿਤਸਰ-ਕੋਲਕਾਤਾ ਉਦਯੋਗਿਕ ਕੋਰੀਡੋਰ ਦੇ ਤਹਿਤ ਵਿਕਸਿਤ ਕੀਤੀ ਜਾ ਰਹੀ ਇਹ ਪ੍ਰੋਜੈਕਟ ਹਿਸਾਰ ਨੂੰ ਆਧੁਨਿਕ ਮੈਨੂਫੈਕਚਰਿੰਗ ਕੇਂਦਰ ਗਜੋਂ ਵਿਕਸਿਤ ਕਰਨ ਦੀ ਦਿਸ਼ਾ ਵਿੱਚ ਮਹਤੱਵਪੂਰਣ ਕਦਮ ਹੈ। 1,605 ਏਕੜ ਖੇਤਰ ਵਿੱਚ ਫੈਲੇ ਇਸ ਪ੍ਰੋਜੈਕਟ ਦੇ ਵੱਡੇ ਹਿੱਸੇ ਨੂੰ ਵਾਤਾਵਰਣ ਸਬੰਧੀ ਮੰਜੂਰੀ ਮਿਲ ਚੁੱਕੀ ਹੈ, ਜਦੋਂ ਕਿ ਬਾਕੀ ਖੇਤਰ ਲਈ ਮੰਜੂਰੀਆਂ ਅੰਤਮ ਪੜਾਅ ਵਿੱਚ ਹਨ।



## ਸੰਪਾਦਕੀ

# ਮਹਿੰਗਾਈ ਕਾਬੂ ਤੋਂ ਬਾਹਰ

ਇਹ ਅਜੀਬ ਹੈ ਕਿ ਜਦੋਂ ਸਰਕਾਰ ਮਹਿੰਗਾਈ ਨੂੰ ਕੰਟਰੋਲ ਕਰਨ ਦਾ ਦਾਅਵਾ ਕਰਦੀ ਹੈ, ਤਾਂ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ। ਇਹ ਆਮ ਆਦਮੀ 'ਤੇ ਜ਼ਰੂਰੀ ਖਰਚਿਆਂ ਵਿੱਚ ਕਟੌਤੀ ਅਤੇ ਵਿੱਤੀ ਤੰਗੀ ਦੇ ਰੂਪ ਵਿੱਚ ਸਿੱਧਾ ਪ੍ਰਭਾਵ ਪਾ ਰਿਹਾ ਹੈ। ਜਦੋਂ ਆਮਦਨ ਦੇ ਸਰੋਤ ਸੀਮਤ ਹੁੰਦੇ ਹਨ, ਤਾਂ ਆਮ ਆਦਮੀ ਉਮੀਦ ਕਰਦਾ ਹੈ ਕਿ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਕਿਫਾਇਤੀ ਹੋਣਗੀਆਂ, ਤਾਂ ਜੋ ਉਸਨੂੰ ਪਰਿਵਾਰਕ ਰੋਜ਼ੀ-ਰੋਟੀ ਦੇ ਸੰਕਟ ਦਾ ਸਾਹਮਣਾ ਨਾ ਕਰਨਾ ਪਵੇ। ਹਾਲਾਂਕਿ, ਹਾਲ ਹੀ ਦੇ ਸਾਲਾਂ ਵਿੱਚ, ਆਮਦਨੀ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧੇ ਦੇ ਬਰਾਬਰ ਨਹੀਂ ਵਧੀ ਹੈ। ਸੋਮਵਾਰ ਨੂੰ ਜਾਰੀ ਕੀਤੇ ਗਏ ਸਰਕਾਰੀ ਅੰਕੜਿਆਂ ਅਨੁਸਾਰ, ਫਰਵਰੀ ਵਿੱਚ 3.2 ਪ੍ਰਤੀਸ਼ਤ ਦੇ ਮੁਕਾਬਲੇ ਮਾਰਚ ਵਿੱਚ ਪ੍ਰਚੂਨ ਮਹਿੰਗਾਈ 3.4 ਪ੍ਰਤੀਸ਼ਤ ਤੱਕ ਵੱਧ ਗਈ। ਰਿਪੋਰਟਾਂ ਦੱਸਦੀਆਂ ਹਨ ਕਿ ਪ੍ਰਚੂਨ ਮਹਿੰਗਾਈ ਵਿੱਚ ਵਾਧਾ ਪੱਛਮੀ ਏਸ਼ੀਆ ਵਿੱਚ ਟਕਰਾਅ ਤੋਂ ਪੈਦਾ ਹੋਏ ਸੰਕਟ ਕਾਰਨ ਹੈ। ਪਰ ਸਵਾਲ ਇਹ ਹੈ ਕਿ: ਜੇਕਰ ਸਰਕਾਰ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਜਾਂ ਸਥਿਰ ਕਰਨ ਲਈ ਢੁਕਵੇਂ ਕਦਮ ਚੁੱਕ ਰਹੀ ਹੈ, ਤਾਂ ਮਹਿੰਗਾਈ ਕਿਵੇਂ ਵੱਧ ਰਹੀ ਹੈ ? ਇਹ ਕੋਈ ਭੇਤ ਨਹੀਂ ਹੈ ਕਿ ਦੇਸ਼ ਵਿੱਚ ਸਮਾਜਿਕ ਅਤੇ ਆਰਥਿਕ ਅਸੰਤੁਲਨ ਇੱਕ ਵੱਡੀ ਚੁਣੌਤੀ ਵਜੋਂ ਉਭਰਿਆ ਹੈ। ਰੁਜ਼ਗਾਰ ਅਤੇ ਆਮਦਨ ਦੇ ਮਾਮਲੇ ਵਿੱਚ ਦੇਸ਼ ਦੀ ਆਬਾਦੀ ਦੇ ਇੱਕ ਵੱਡੇ ਹਿੱਸੇ ਲਈ ਸਥਿਤੀ ਅਸੰਤੁਸ਼ਟੀਜਨਕ ਬਣੀ ਹੋਈ ਹੈ। ਸਥਿਰ ਆਮਦਨ ਅਤੇ ਘਟਦੀ ਖਰੀਦ ਸ਼ਕਤੀ ਦੀ ਸਥਿਤੀ ਵਿੱਚ, ਆਮ ਲੋਕਾਂ ਦੇ ਜ਼ਰੂਰੀ ਵਸਤੂਆਂ 'ਤੇ ਖਰਚ ਵਿੱਚ ਥੋੜ੍ਹਾ ਜਿਹਾ ਵਾਧਾ ਵੀ ਸਮੱਸਿਆਵਾਂ ਪੈਦਾ ਕਰਨਾ ਲਾਜ਼ਮੀ ਹੈ। ਦਰਅਸਲ, ਮਾਰਚ ਵਿੱਚ ਮਹਿੰਗਾਈ ਦੇ ਅੰਕੜਿਆਂ ਵਿੱਚ ਵਾਧੇ ਦਾ ਮੁੱਖ ਕਾਰਨ ਭੋਜਨ ਦੀਆਂ ਕੀਮਤਾਂ ਵਿੱਚ ਵਾਧਾ ਸੀ। ਪ੍ਰਚੂਨ ਮਹਿੰਗਾਈ ਖਪਤਕਾਰਾਂ ਦੀ ਖਪਤ ਅਤੇ ਖਰਚ ਨੂੰ ਦਰਸਾਉਂਦੀ ਹੈ। ਇਹੀ ਕਾਰਨ ਹੈ ਕਿ ਭਾਰਤੀ ਰਿਜ਼ਰਵ ਬੈਂਕ (RBI) ਆਪਣੀ ਨੀਤੀ ਪ੍ਰਚੂਨ ਮਹਿੰਗਾਈ 'ਤੇ ਅਧਾਰਤ ਕਰਦਾ ਹੈ। ਸਰਕਾਰ ਦਾ ਦਾਅਵਾ ਹੈ ਕਿ ਪ੍ਰਚੂਨ ਮਹਿੰਗਾਈ ਇਸ ਸਮੇਂ ਰਿਜ਼ਰਵ ਬੈਂਕ ਦੇ ਔਸਤ ਅਨੁਮਾਨ ਚਾਰ ਪ੍ਰਤੀਸ਼ਤ ਤੋਂ ਘੱਟ ਹੈ। ਹਾਲਾਂਕਿ, ਇਹ ਵੀ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਜੇਕਰ ਮਹਿੰਗਾਈ ਚਾਰ ਪ੍ਰਤੀਸ਼ਤ ਤੋਂ ਉੱਪਰ ਵਧਦੀ ਹੈ, ਤਾਂ ਕਿਫਾਇਤੀ ਕਰਜ਼ਿਆਂ ਦੀ ਸੰਭਾਵਨਾ ਘੱਟ ਜਾਂਦੀ ਹੈ। ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਫਰਵਰੀ ਦੇ ਮੁਕਾਬਲੇ ਮਾਰਚ ਵਿੱਚ ਮਹਿੰਗਾਈ ਵਿੱਚ ਵਾਧਾ ਪੱਛਮੀ ਏਸ਼ੀਆਈ ਸੰਕਟ ਦੇ ਸ਼ੁਰੂਆਤੀ ਪ੍ਰਭਾਵ ਨੂੰ ਦਰਸਾਉਂਦਾ ਹੈ। ਜੇਕਰ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਜੰਗ ਦੁਬਾਰਾ ਖੁੱਲ੍ਹਦੀ ਹੈ ਅਤੇ ਇਹ ਸਥਿਤੀ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ, ਤਾਂ ਇਹ ਕਲਪਨਾ ਕਰਨਾ ਆਸਾਨ ਹੈ ਕਿ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਕਿੰਨੀ ਤੇਜ਼ੀ ਨਾਲ ਵਧਣਗੀਆਂ। ਸਰਕਾਰੀ ਅੰਕੜਿਆਂ ਦੇ ਅਨੁਸਾਰ, ਮਾਰਚ ਵਿੱਚ ਆਲੂ, ਪਿਆਜ਼ ਅਤੇ ਕੁਝ ਦਾਲਾਂ ਦੀ ਮਹਿੰਗਾਈ ਦਰ ਵਿੱਚ ਗਿਰਾਵਟ ਆਈ, ਪਰ ਸੋਨੇ ਅਤੇ ਚਾਂਦੀ ਦੇ ਗਹਿਣਿਆਂ, ਨਾਰੀਅਲ, ਟਮਾਟਰ ਅਤੇ ਫੁੱਲ ਗੋਭੀ ਦੀਆਂ ਕੀਮਤਾਂ ਵਿੱਚ ਕਾਫ਼ੀ ਵਾਧਾ ਹੋਇਆ। ਮਾਰਚ ਵਿੱਚ ਬਿਜਲੀ, ਗੈਸ ਅਤੇ ਹੋਰ ਬਾਲਣਾਂ ਲਈ ਪ੍ਰਚੂਨ ਮਹਿੰਗਾਈ 1.65 ਪ੍ਰਤੀਸ਼ਤ ਰਹੀ, ਜੋ ਫਰਵਰੀ ਵਿੱਚ 1.52 ਪ੍ਰਤੀਸ਼ਤ ਸੀ। ਇਸਦਾ ਅਰਥ ਹੈ ਆਮ ਆਦਮੀ ਲਈ ਘੱਟ ਰਾਹਤ ਅਤੇ ਵਧੇਰੇ ਮੁਸ਼ਕਲਾਂ। ਇਸ ਤੋਂ ਇਲਾਵਾ, ਪੇਂਡੂ ਖੇਤਰਾਂ ਵਿੱਚ ਮਹਿੰਗਾਈ, ਜਿੱਥੇ ਰੁਜ਼ਗਾਰ ਅਤੇ ਆਮਦਨ ਦੇ ਸਰੋਤ ਸੀਮਤ ਹਨ, ਸ਼ਹਿਰੀ ਖੇਤਰਾਂ ਵਿੱਚ 3.11 ਪ੍ਰਤੀਸ਼ਤ ਦੇ ਮੁਕਾਬਲੇ 3.63 ਪ੍ਰਤੀਸ਼ਤ ਸੀ। ਇਸ ਲਈ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੇਕਰ ਸਰਕਾਰ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਠੋਸ ਉਪਾਅ ਨਹੀਂ ਕਰਦੀ ਹੈ, ਤਾਂ ਆਉਣ ਵਾਲੇ ਦਿਨਾਂ ਵਿੱਚ ਇਹ ਸੰਕਟ ਹੋਰ ਡੂੰਘਾ ਹੋ ਜਾਵੇਗਾ। ਮਾਰਚ 2026 ਵਿੱਚ ਪ੍ਰਚੂਨ ਮਹਿੰਗਾਈ 3.4% ਤੱਕ ਵੱਧ ਗਈ, ਜੋ ਫਰਵਰੀ ਵਿੱਚ 3.21% ਸੀ। ਇਹ ਇੱਕ ਮਹੀਨੇ ਵਿੱਚ ਮਹਿੰਗਾਈ ਵਿੱਚ ਮਾਮੂਲੀ ਵਾਧਾ ਦਰਸਾਉਂਦਾ ਹੈ। ਨਿਊਜ਼ ਏਜੰਸੀ ਭਾਸ਼ਾ ਦੇ ਅਨੁਸਾਰ, ਇਹ ਜਾਣਕਾਰੀ ਸਰਕਾਰੀ ਅੰਕੜਿਆਂ ਤੋਂ ਪ੍ਰਾਪਤ ਕੀਤੀ ਗਈ ਹੈ। ਖਪਤਕਾਰ ਮੁੱਲ ਸੂਚਕਾਂਕ (CPI) ਦੇ ਅੰਕੜਿਆਂ ਦੇ ਆਧਾਰ 'ਤੇ ਮਾਰਚ ਵਿੱਚ ਭੋਜਨ ਦੀਆਂ ਕੀਮਤਾਂ ਵਿੱਚ 3.87% ਦਾ ਵਾਧਾ ਹੋਇਆ, ਜੋ ਪਿਛਲੇ ਮਹੀਨੇ ਵਿੱਚ 3.47% ਸੀ। ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਪ੍ਰਚੂਨ ਮਹਿੰਗਾਈ ਕ੍ਰਮਵਾਰ 3.63% ਅਤੇ 3.11% ਦਰਜ ਕੀਤੀ ਗਈ।

-ਜਗਜੀਤ ਸਿੰਘ ਦਰਦੀ

ਯੂਟਿਊਬ ਤੇ ਸੋਸ਼ਲ ਮੀਡੀਆ ਦਾ ਡਿਜੀਟਲ ਨਸ਼ਾ ਇੱਕ ਖ਼ਤਰਨਾਕ ਸੁਨਾਮੀ

# ਭਾਰਤੀ ਲੋਕਾਂ ਵਿੱਚ ਵਾਇਰਲ ਕੰਟੈਂਟ ਦਾ ਜਨੂੰਨ, ਢਾਈ ਕਰੋੜ ਮੱਧ ਵਰਗ ਅਤੇ ਜਨਰੇਸ਼ਨ ਜ਼ੈਡ 'ਤੇ ਖ਼ਤਰਨਾਕ ਅਸਰ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਦੁਨੀਆਂ ਵਿੱਚ ਵੱਧਦੇ ਹੋਏ ਵਾਇਰਲ ਸੰਦੇਸ਼ਾਂ ਦੇ ਨਾਲ ਇਕ ਖ਼ਤਰਨਾਕ ਸੁਨਾਮੀ ਦਾ ਦੌਰ ਸ਼ੁਰੂ ਹੋ ਗਿਆ ਹੈ ਤੇ ਵਾਇਰਲ ਕੰਟੈਂਟ ਗਲਤ ਜਾਣਕਾਰੀ ਤੇ ਫੇਕ ਨਿਊਜ਼ ਦੇ ਨਾਲ ਨਵੀਂ ਪੀੜ੍ਹੀ ਨੂੰ ਪ੍ਰਾਪਤ ਅਤੇ ਮਸਨੂਈ ਬੁਧੀ ਨਾਲ ਉਸ ਨੂੰ ਹੋਰ ਵੀ ਖ਼ਤਰਨਾਕ ਟਰੈਂਡ ਵਿੱਚ ਦਾਖਲ ਕਰ ਰਿਹਾ ਹੈ। ਅੱਜ ਯੂਟਿਊਬ 'ਤੇ ਲੋਕਾਂ ਦਾ ਭਰੋਸਾ, ਗਲਤ ਸਲਾਹ ਦੇ ਕੇਸ, ਚੈਨਲਾਂ ਦੀ ਗਿਣਤੀ, ਪ੍ਰਾਈਵੇਸੀ ਖਤਰਾ ਆਦਿ 'ਤੇ ਅਧਾਰਤ ਇੱਕ ਵਿਸਥਾਰਤ, ਵਿਸ਼ਲੇਸ਼ਣਾਤਮਕ ਅਤੇ ਚੇਤਾਵਨੀ ਇਸ ਵਿਚ ਯੂਟਿਊਬਰਾਂ/ਸੋਸ਼ਲ ਮੀਡੀਆ ਦੇ ਖਤਰਨਾਕ ਕਾਰਨਾਮਿਆਂ, ਡਾਟਾ ਪ੍ਰਾਈਵੇਸੀ ਦੀਆਂ ਚਿੰਤਾਵਾਂ, ਭਾਰਤੀ ਲੋਕਾਂ (ਖਾਸ ਕਰ ਮੱਧ ਵਰਗ ਅਤੇ ਯੁਵਕਾਂ) ਵਿੱਚ ਵਾਇਰਲ/ਐਡਿਕਸ਼ਨ ਦਾ ਜਨੂਨ, ਭਵਿੱਖੀ ਖਤਰਿਆਂ ਅਤੇ ਕਾਰਪੋਰੇਟ ਲੁੱਟ ਬਾਰੇ ਗੱਲ ਕੀਤੀ ਗਈ ਹੈ।

ਅੱਜ ਸੋਸ਼ਲ ਮੀਡੀਆ ਦਾ ਅੰਨ੍ਹਾ ਭਰੋਸਾ ਅਤੇ ਡਿਜੀਟਲ ਨਸ਼ਾ ਭਾਰਤੀ ਯੁਵਕਾਂ ਅਤੇ ਮੱਧ ਵਰਗ ਲਈ ਇੱਕ ਖਤਰਨਾਕ ਯਾਤਰਾ ਭਾਰਤ ਵਿਚ ਯੂਟਿਊਬ ਹੁਣ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਰਿਹਾ। ਇਹ ਡਾਕਟਰ, ਵਕੀਲ, ਜਿੰਮ ਟ੍ਰੇਨਰ, ਵਿੱਤੀ ਸਲਾਹਕਾਰ ਅਤੇ ਇਸ ਤੋਂ ਵੀ ਅੱਗੇ ਬਣ ਗਿਆ ਹੈ। ਪਿਛਲੇ ਦਿਨੀਂ ਭਾਸਕਰ ਨਿਊਜ਼ ਦੀ ਰਿਪੋਰਟ ਅਨੁਸਾਰ, ਦੇਸ਼ ਵਿਚ ਹਰ 10 ਵਿੱਚੋਂ 7 ਲੋਕ ਯੂਟਿਊਬਰਾਂ ਦੀ ਸਲਾਹ 'ਤੇ ਭਰੋਸਾ ਕਰਦੇ ਹਨ ਅਤੇ ਉਨ੍ਹਾਂ ਵਿਚੋਂ 60% ਲੋਕ ਬਿਨਾਂ ਕਿਸੇ ਕ੍ਰਾਸ-ਚੈੱਕ ਕੀਤੇ ਉਸ ਨੂੰ ਸਹੀ ਮੰਨ ਲੈਂਦੇ ਹਨ।

ਇਸ ਰਿਪੋਰਟ ਅਨੁਸਾਰ ਇਸ ਦੇ ਨਾਲ ਹੀ ਭਾਰਤ ਵਿਚ ਯੂਟਿਊਬ ਦੇ ਲੱਗਭੱਗ 50 ਕਰੋੜ ਮਾਸਿਕ ਸਰਗਰਮ ਯੂਜ਼ਰ ਹਨ ਅਤੇ ਦੁਨੀਆਂ ਭਰ ਵਿਚ ਢਾਈ ਕਰੋੜ ਤੋਂ ਵੱਧ ਚੈਨਲ ਹਨ, ਜਿਨ੍ਹਾਂ ਵਿਚੋਂ ਭਾਰਤ ਵਿਚ ਸਿਰਫ਼ 30 ਲੱਖ ਪੇਸ਼ੇਵਰ ਹਨ। ਬਾਕੀ ਲੱਖਾਂ ਚੈਨਲ ਬਿਨਾਂ ਕਿਸੇ ਵਿਸ਼ੇਸ਼ ਯੋਗਤਾ ਤੋਂ ਗਲਤ ਜਾਣਕਾਰੀ ਫੈਲਾ ਰਹੇ ਹਨ। ਇਹ ਮਾਸੂਮ ਸਕੈਮ ਲੋਕਾਂ ਦੀ ਸਿਹਤ, ਬ ੱਚਤ ਅਤੇ ਜਾਨ ਤੱਕ ਖਤਰੇ ਵਿਚ ਪਾ ਰਿਹਾ ਹੈ।

ਅੱਜ ਇਸ ਡਾਟੇ 'ਤੇ ਅਧਾਰਤ ਯੂਟਿਊਬ ਅਤੇ ਸੋਸ਼ਲ ਮੀਡੀਆ ਦੇ ਖਤਰਨਾਕ ਪਹਿਲੂਆਂ — ਗਲਤ ਸਲਾਹ ਦੇ ਕਾਰਨਾਮੇ, ਡਾਟਾ ਪ੍ਰਾਈਵੇਸੀ ਦੀ ਲੁੱਟ, ਭਾਰਤੀ ਲੋਕਾਂ ਵਿਚ ਵਾਇਰਲ ਕੰਟੈਂਟ ਦਾ ਜਨੂਨ, ਮੱਧ ਵਰਗ ਅਤੇ ਜਨਰੇਸ਼ਨ ਜ਼ੈਡ 'ਤੇ ਪੈ ਰਿਹਾ ਬੇਹਦ ਖਤਰਨਾਕ ਅਸਰ ਅਤੇ ਭਵਿੱਖ ਵਿਚ ਤਕਨੀਕੀ ਯੁੱਗ ਵਿਚ ਇਸ ਟ੍ਰੈਂਡ ਦੀਆਂ ਖਤਰਨਾਕ ਸੰਭਾਵਨਾਵਾਂ — ਬਾਰੇ ਵਿਸਥਾਰ ਨਾਲ ਚਰਚਾ ਕਰਾਂਦਿਆਂ ਇਹ ਸਿਰਫ਼ ਇੱਕ ਰਿਪੋਰਟ ਨਹੀਂ, ਬਲਕਿ ਇੱਕ ਚੇਤਾਵਨੀ ਵੀ ਹੈ।

ਅੱਜ ਯੂਟਿਊਬਰਾਂ ਦੀ ਗਲਤ ਸਲਾਹ ਜਾਨ ਅਤੇ ਬਚਤ ਤੱਕ ਦਾ ਖਤਰਾ ਯੂਟਿਊਬ 'ਤੇ ਬਿਨਾਂ ਕਿਸੇ ਰੈਗੂਲੇਸ਼ਨ ਤੋਂ ਲੋਕ ਡਾਕਟਰੀ, ਵਿੱਤੀ ਅਤੇ ਲੀਗਲ ਸਲਾਹ ਦੇ ਰਹੇ ਹਨ। ਇਸ ਨਿਊਜ਼ ਨੇ ਤਿੰਨ ਖਤਰਨਾਕ ਕੇਸ ਰਿਪੋਰਟ ਕੀਤੇ ਹਨ, ਜਿਵੇਂ ਤਮਿਲਨਾਡੂ ਦੇ ਕੁਮਾਰਨ ਨੇ ਯੂਟਿਊਬ 'ਤੇ ਪ੍ਰਸਵ (ਜਣੇਪਾ) ਦਾ ਵੀਡੀਓ ਵੇਖ ਕੇ ਘਰ 'ਤੇ ਹੀ ਪ੍ਰਸਵ ਕਰਾਉਣ ਦੀ ਕੋਸ਼ਿਸ਼ ਕੀਤੀ। ਭਾਰੀ ਖੂਨ ਵਗਣ ਨਾਲ ਉਸ ਦੀ ਪਤਨੀ ਦੀ ਮੌਤ ਹੋ ਗਈ। ਇਹ ਮਾਮਲਾ ਮਾਰਚ 2026 ਵਿਚ ਬਹੁਤ ਚਰਚਾ ਵਿੱਚ ਰਿਹਾ।

'ਬਾਪ ਆਫ ਚਾਰਟ' ਚੈਨਲ ਨੇ ਆਪਸ਼ਨ ਟ੍ਰੇਡਿੰਗ ਵਿਚ ਲੱਖਾਂ ਕਮਾਉਣ ਦਾ ਲਾਲਚ ਦਿੱਤਾ। ਸੇਬੀ ਨੇ ਜਾਂਚ ਵਿਚ ਪਾਇਆ ਕਿ ਚੈਨਲ ਚਲਾਉਣ ਵਾਲਾ ਖੁਦ 2.89 ਕਰੋੜ ਰੁਪਏ ਦੇ ਘਾਟੇ ਵਿਚ ਸੀ। ਉਸ ਤੇ 17.2 ਕਰੋੜ ਦਾ ਜੁਰਮਾਨਾ ਲਗਾਇਆ ਗਿਆ ਅਤੇ ਟ੍ਰੇਡਿੰਗ ਤੋਂ ਬੈਨ ਕੀਤਾ ਗਿਆ। ਉੱਤਰ ਪ੍ਰਦੇਸ਼ ਦੇ ਇੱਕ ਨੌਜਵਾਨ ਨੇ ਵਜ਼ਨ ਘਟਾਉਣ ਦਾ ਨੁਸਖਾ ਵੇਖ ਕੇ ਚੂਰਨ ਖਾਧਾ। ਨਤੀਜਾ — ਕਿਡਨੀ ਅਤੇ ਲੀਵਰ ਵਿਚ ਗੰਭੀਰ ਇਨਫੈਕਸ਼ਨ।

ਅੱਜ ਇਹ ਕੇਸ ਇਕੱਲੇ ਨਹੀਂ ਹਨ। ਭਾਰਤ ਵਿਚ ਯੂਟਿਊਬ 'ਤੇ ਹਜ਼ਾਰਾਂ ਚੈਨਲ ਗਲਤ ਮੈਡੀਕਲ ਨੁਸਖੇ, ਫੇਕ ਇਨਵੈਸਟਮੈਂਟ ਟਿਪਸ ਅਤੇ ਬਿਨਾਂ ਯੋਗਤਾ ਤੋਂ ਲੀਗਲ ਸਲਾਹ ਦੇ ਰਹੇ ਹਨ। ਉਪਭੋਗਤਾ ਸੁਰੱਖਿਆ ਐਕਟ 2019 ਤਹਿਤ ਭਰਮਾਉਣ ਵਾਲੀਆਂ ਇਸ਼ਤਿਹਾਰਾਂ ਤੇ 10-50 ਲੱਖ ਜੁਰਮਾਨਾ ਹੋ ਸਕਦਾ ਹੈ, ਪਰ ਡਿਸਕਲੇਮਰ ਲਿਖ ਕੇ ਸਿਰਫ਼ ਸਿੱਖਿਆ ਉਦੇਸ਼ ਲਈ ਲਿਖ ਦੇਣ ਨਾਲ ਬਚਣਾ ਆਸਾਨ ਹੋ ਜਾਂਦਾ ਹੈ। ਆਈਟੀ ਐਕਟ ਅਤੇ ਬੀਐਨਐੱਸ ਤਹਿਤ ਕਾਰਵਾਈ ਹੋ ਸਕਦੀ ਹੈ, ਪਰ ਧੀਮੀ ਕਾਨੂੰਨੀ ਪ੍ਰਕਿਰਿਆ ਅਤੇ ਫਾਸਟ ਟ੍ਰੈਕ ਦੀ ਘਾਟ ਕਾਰਨ ਜ਼ਿਆਦਾਤਰ ਮਾਮਲੇ ਅਣਸੁਲਝੇ ਰਹਿੰਦੇ ਹਨ।

ਅੱਜ ਇਸ ਤੋਂ ਵੀ ਵੱਡੀ ਸਮੱਸਿਆ ਇਹ ਹੈ ਕਿ ਯੂਟਿਊਬ ਦਾ ਐਲਗੋਰਿਦਮ ਇਸ ਗਲਤ ਕੰਟੈਂਟ ਨੂੰ ਵਧਾਵਾ ਦਿੰਦਾ ਹੈ। ਵਿਊਜ਼ ਅਤੇ ਲਾਈਕਸ ਲਈ ਸੈਂਸੇਸ਼ਨਲ ਅਤੇ ਭਰਮਾਉਣ ਵਾਲਾ ਕੰਟੈਂਟ ਤੇਜ਼ੀ ਨਾਲ ਵਾਇਰਲ ਹੁੰਦਾ ਹੈ। ਨਤੀਜਾ — ਆਮ ਲੋਕ, ਖਾਸ ਕਰ ਗਰਾਮੀਣ ਅਤੇ ਅਰਧ-ਸਹਿਤੀ ਵਰਗ, ਆਪਣੀ ਜਾਨ ਅਤੇ ਬੱਚਤ ਗਵਾ ਰਹੇ ਹਨ।ਡਾਟਾ ਪ੍ਰਾਈਵੇਸੀ ਦੀ ਲੁੱਟ ਦਾ ਸਰਵੇਲੈਂਸ ਕੈਪੀਟਲਿਜ਼ਮ ਦਾ ਭਾਰਤੀ ਰੂਪਯੂਟਿਊਬ (ਗੂਗਲ) ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮ ਆਪਣੇ ਆਪ ਨੂੰ ਸਿਰਫ਼ ਇੰਟਰਮੀਡੀਏਰੀ ਦੱਸਦੇ ਹਨ ਅਤੇ ਕੰਟੈਂਟ ਦੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਲੈਂਦੇ ਹਨ ਪਰ ਅਸਲ ਵਿਚ ਉਹ ਤੁਹਾਡਾ ਹਰ ਵਿਹਾਰ — ਵੀਡੀਓ ਵੇਖਣ ਦਾ ਸਮਾਂ, ਖੋਜ, ਲਾਈਕ, ਕਮੈਂਟ, ਲੋਕੇਸ਼ਨ ਅਤੇ ਇੱਥੋਂ ਤੱਕ ਕਿ ਤੁਹਾਡੀਆਂ ਭਾਵਨਾਵਾਂ — ਟ੍ਰੈਕ ਕਰਦੇ ਹਨ। ਇਸ ਨੂੰ ਸਰਵੇਲੈਂਸ ਕੈਪੀਟਲਿਜ਼ਮ ਕਿਹਾ ਜਾਂਦਾ ਹੈ, ਜਿਸ ਵਿਚ ਤੁਹਾਡਾ ਡਾਟਾ ਇੱਕ ਉਤਪਾਦ ਬਣ ਜਾਂਦਾ ਹੈ ਅਤੇ ਟਾਰਗੇਟਿਡ ਐਡਵਰਟਾਈਜ਼ਿੰਗ ਰਾਹੀਂ ਲੱਖਾਂ-ਕਰੋੜਾਂ ਕਮਾਏ ਜਾਂਦੇ ਹਨ।





ਅੱਜ ਭਾਰਤ ਵਿਚ 50 ਕਰੋੜ ਯੂਟਿਊਬ ਯੂਜ਼ਰ ਹਨ। ਇਸ ਦਾ ਮਤਲਬ ਹੈ ਕਿ ਗੂਗਲ ਕੋਲ ਭਾਰਤੀਆਂ ਦਾ ਵੱਡਾ ਡਾਟਾ ਬੈਂਕ ਹੈ — ਉਮਰ, ਲਿੰਗ, ਰੁਚੀਆਂ, ਖਰੀਦਦਾਰੀ ਦੀਆਂ ਆਦਤਾਂ, ਰਾਜਨੀਤਿਕ ਵਿਚਾਰ ਅਤੇ ਇੱਥੋਂ ਤੱਕ ਕਿ ਸਿਹਤ ਸਬੰਧੀ ਚਿੰਤਾਵਾਂ। ਇਸ ਡਾਟੇ ਨੂੰ ਐਲਗੋਰਿਦਮ ਵਿਚ ਵਰਤ ਕੇ ਯੂਜ਼ਰ ਨੂੰ ਘੰਟਿਆਂ ਤੱਕ ਚਿਪਕਾਈ ਰੱਖਿਆ ਜਾਂਦਾ ਹੈ। ਇਨਫਾਈਨਾਈਟ ਸਕ੍ਰੋਲ, ਆਟੋ-ਪਲੇ ਅਤੇ ਪਰਸਨਲਾਈਜ਼ਡ ਰਿਕਮੈਂਡੇਸ਼ਨ ਯੂਜ਼ਰ ਨੂੰ ਨਸ਼ੇ ਵਾਂਗ ਵਰਤਣ ਲਈ ਮਜਬੂਰ ਕਰਦੇ ਹਨ।ਪ੍ਰਾਈਵੇਸੀ ਖਤਰਾ ਇਸ ਤਰ੍ਹਾਂ ਹੈ:ਤੁਹਾਡਾ ਡਾਟਾ ਤੀਜੀ ਧਿਰ ਨਾਲ ਸਾਂਝਾ ਕੀਤਾ ਜਾ ਸਕਦਾ ਹੈ (ਐਡਵਰਟਾਈਜ਼ਰਾਂ ਨਾਲ)। ਡਾਟਾ ਬ੍ਰੀਚ ਦੇ ਮਾਮਲੇ ਵਿਚ ਤੁਹਾਡੀ ਨਿੱਜੀ ਜਾਣਕਾਰੀ ਲੀਕ ਹੋ ਸਕਦੀ ਹੈ ਅਤੇ ਭਵਿੱਖ ਵਿਚ ਇਸ ਡਾਟੇ ਨੂੰ ਰਾਜਨੀਤਿਕ ਮੈਨੀਪੁਲੇਸ਼ਨ, ਲੋਨ ਐਪਰੂਵਲ ਜਾਂ ਨੌਕਰੀ ਲਈ ਵਰਤਿਆ ਜਾ ਸਕਦਾ ਹੈ।

ਅੱਜ ਭਾਰਤ ਵਿਚ ਡਿਜੀਟਲ ਪਰਸਨਲ ਡਾਟਾ ਪ੍ਰੋਟੈਕਸ਼ਨ ਐਕਟ (DPDPA) 2023 ਹੈ, ਜੋ ਯੂਜ਼ਰ ਨੂੰ ਕੰਸੈਂਟ, ਡਾਟਾ ਡਿਲੀਟ ਅਤੇ ਸੁਰੱਖਿਆ ਦੇ ਅਧਿਕਾਰ ਦਿੰਦਾ ਹੈ। ਪਰ ਇਸ ਦੀ ਲਾਗੂ ਕਰਨ ਵਿਚ ਘਾਟ ਹੈ ਅਤੇ ਬੜੀਆਂ ਟੈਕ ਕੰਪਨੀਆਂ ਲਾਬੀਂਗ ਰਾਹੀਂ ਆਪਣੇ ਹੱਕ ਵਿਚ ਨਿਯਮ ਬਣਵਾਉਂਦੀਆਂ ਹਨ।

ਕਾਰਪੋਰੇਟ ਲੁੱਟ ਇਸ ਤਰ੍ਹਾਂ ਹੈ ਕਿ ਤੁਸੀਂ ਮੁਫ਼ਤ ਵੀਡੀਓ ਵੇਖਦੇ ਹੋ, ਪਰ ਤੁਹਾਡਾ ਧਿਆਨ ਅਤੇ ਡਾਟਾ ਉਨ੍ਹਾਂ ਦੀ ਅਸਲ ਕਮਾਈ ਹੈ। ਯੂਟਿਊਬ ਨੇ 2025 ਵਿਚ 60 ਬਿਲੀਅਨ ਡਾਲਰ ਤੋਂ ਵੱਧ ਰੈਵੇਨਿਊ ਕਮਾਇਆ, ਜਿਸ ਵਿਚ ਭਾਰਤ ਵੱਡਾ ਯੋਗਦਾਨ ਹੈ। ਇਸ ਲੁੱਟ ਵਿਚ ਆਮ ਲੋਕ, ਖਾਸ ਕਰ ਮੱਧ ਵਰਗ, ਸਭ ਤੋਂ ਵੱਧ ਫਸਦਾ ਹੈ ਕਿਉਂਕਿ ਉਹ ਵਧੇਰੇ ਡਿਜੀਟਲ ਲੈਣ-ਦੇਣ ਕਰਦਾ ਹੈ ਅਤੇ ਆਪਣੀ ਪ੍ਰਾਈਵੇਸੀ ਬਾਰੇ ਘੱਟ ਜਾਗਰੂਕ ਹੈ।

ਅੱਜ ਭਾਰਤੀ ਲੋਕਾਂ ਵਿਚ ਸੋਸ਼ਲ ਮੀਡੀਆ ਦਾ ਜਨੂਨ ਇੱਕ ਵਾਇਰਲ ਨਸ਼ਾ ਅਤੇ ਐਡਿਕਸ਼ਨਭਾਰਤ ਵਿਚ ਯੁਵਕ ਅਤੇ ਜਨਰੇਸ਼ਨ ਜ਼ੈਡ ਸੋਸ਼ਲ ਮੀਡੀਆ ਨੂੰ ਨਸ਼ੇ ਵਾਂਗ ਵਰਤ ਰਹੇ ਹਨ। ਆਰਥਿਕ ਸਰਵੇਖਣ 2026 ਅਨੁਸਾਰ ਡਿਜੀਟਲ ਐਡਿਕਸ਼ਨ ਇੱਕ ਵੱਡੀ ਜਨਤਕ ਸਿਹਤ ਸਮੱਸਿਆ ਬਣ ਰਹੀ ਹੈ। ਯੁਵਕ ਰੋਜ਼ਾਨਾ 5-8 ਘੰਟੇ ਤੱਕ ਸਕ੍ਰੀਨ ਤੇ ਬਿਤਾਉਂਦੇ ਹਨ। ਸੋਸ਼ਲ ਮੀਡੀਆ ਐਡਿਕਸ਼ਨ ਐਂਗਜ਼ਾਈਟੀ, ਡਿਪ੍ਰੈਸ਼ਨ, ਘੱਟ ਆਤਮ-ਸਨਮਾਨ ਅਤੇ ਸਾਈਬਰ ਬੁਲਿੰਗ ਨਾਲ ਜੁੜੀ ਹੋਈ ਹੈ।ਇੱਕ ਅਧਿਐਨ ਅਨੁਸਾਰ ਭਾਰਤ ਵਿਚ Gen Z ਵਿਚੋਂ 59% ਲੋਕ ਲਗਾਤਾਰ ਐਂਗਜ਼ਾਈਟੀ ਜਾਂ ਸਟ੍ਰੈੱਸ ਮਹਿਸੂਸ ਕਰਦੇ ਹਨ। ਸੋਸ਼ਲ ਮੀਡੀਆ ਤੇ ਤੁਲਨਾ (ਸੋਸ਼ਲ ਕੰਪੈਰੀਜ਼ਨ) ਕਾਰਨ ਲੋਕ ਆਪਣੀ ਜ਼ਿੰਦਗੀ ਨੂੰ ਘੱਟ ਵੇਖਦੇ ਹਨ। ਵਾਇਰਲ ਵੀਡੀਓਜ਼, ਚੈਲੰਜ ਅਤੇ ਟ੍ਰੈਂਡਸ ਯੁਵਕਾਂ ਨੂੰ ਇਸ ਤਰ੍ਹਾਂ ਖਿੱਚਦੇ ਹਨ ਕਿ ਉਹ ਅਸਲ ਜੀਵਨ ਤੋਂ ਦੂਰ ਹੋ ਰਹੇ ਹਨ।

ਸਵਾਲ ਇਹ ਹੈ ਕਿ ਇਹ ਜਨੂਨ ਭਾਰਤੀਆਂ ਨੂੰ ਕਿੱਥੇ ਲੈ ਜਾਏਗਾ ? ਮਾਨਸਿਕ ਸਿਹਤ ਦਾ ਵਿਗਾੜ: ਵਧਦੀ ਡਿਪ੍ਰੈਸ਼ਨ ਅਤੇ ਆਤਮਹੱਤਿਆ ਦੀਆਂ ਘਟਨਾਵਾਂ ਤੇ ਸਿੱਖਿਆ ਅਤੇ ਉਤਪਾਦਕਤਾ ਤੇ ਅਸਰ: ਘੱਟ ਧਿਆਨ, ਘੱਟ ਅਕਾਦਮਿਕ ਪ੍ਰਦਰਸ਼ਨ ਅਤੇ ਭਵਿੱਖ ਵਿਚ ਘੱਟ ਉਤਪਾਦਕ ਯੁਵਕ ਵਰਗ। ਸਮਾਜਿਕ ਰਿਸ਼ਤੇ ਆਨਲਾਈਨ ਤੁਲਨਾ ਕਾਰਨ ਅਸਲ ਰਿਸ਼ਤਿਆਂ ਵਿਚ ਦੂਰੀ। ਆਰਥਿਕ ਨੁਕਸਾਨ ਵਿੱਚ ਫੇਕ ਇਨਵੈਸਟਮੈਂਟ ਸਕੀਮਾਂ ਵਿਚ ਫਸਣਾ ਅਤੇ ਬੱਚਤ ਗਵਾਉਣਾ ਹੈ।

ਅੱਜ ਮੱਧ ਵਰਗ ਭਾਰਤੀ ਸਮਾਜ ਤੇ ਇਸ ਦਾ ਬੇਹੱਦ ਖਤਰਨਾਕ ਅਸਰ ਹੈ, ਕਿਉਂਕਿ ਇਹ ਵਰਗ ਡਿਜੀਟਲ ਉਪਕਰਣਾਂ ਤੱਕ ਵਧੇਰੇ ਪਹੁੰਚ ਰੱਖਦਾ ਹੈ ਅਤੇ ਆਪਣੇ ਬੱਚਿਆਂ ਲਈ ਬਿਹਤਰ ਭਵਿੱਖ ਚਾਹੁੰਦਾ ਹੈ, ਪਰ ਐਡਿਕਸ਼ਨ ਉਸ ਭਵਿੱਖ ਨੂੰ ਖਤਰੇ ਵਿਚ ਪਾ ਰਿਹਾ ਹੈ।

ਅੱਜ ਭਵਿੱਖ ਵਿੱਚ ਖਤਰਾ ਵਿਸ਼ੇਸ਼ ਤੌਰ 'ਤੇ ਤਕਨੀਕੀ ਯੁੱਗ ਵਿਚ ਡਿਜੀਟਲ ਨਸ਼ਾ ਅਤੇ ਸਮਾਜਿਕ ਵਿਗਾੜ ਜਦੋਂ ਜਨਰੇਸ਼ਨ ਜ਼ੈਡ ਅਤੇ ਭਾਰਤ ਦੇ ਕਰੋੜਾਂ ਯੁਵਕ ਵਾਇਰਲ ਕੰਟੈਂਟ ਨੂੰ ਨਸ਼ੇ ਵਾਂਗ ਵਰਤਣ ਲੱਗੇ ਹਨ, ਤਾਂ ਇਹ ਭਵਿੱਖ ਵਿਚ ਤਕਨੀਕ ਦੇ ਯੁਗ ਲਈ ਬੇਹਦ ਖਤਰਨਾਕ ਟ੍ਰੈਂਡ ਹੈ। ਐਡਵਾਂਸਡ ਏਆਈ ਐਲਗੋਰਿਦਮ ਯੂਜ਼ਰ ਦੀਆਂ ਕਮਜ਼ੋਰੀਆਂ ਨੂੰ ਹੋਰ ਬਿਹਤਰ ਤਰੀਕੇ ਨਾਲ ਟਾਰਗੇਟ ਕਰਨਗੇ। ਅੱਜ ਡੀਪ ਫੇਕ ਵੀਡੀਓਜ਼, ਏਆਈ ਤੋਂ ਬਣੀਆਂ ਗਲਤ ਸਲਾਹਾਂ ਅਤੇ ਵਰਚੁਅਲ ਰਿਐਲਿਟੀ ਵਿਚ ਡੂੰਘੀ ਐਡਿਕਸ਼ਨ ਆਮ ਹੋ ਸਕਦੀ ਹੈ।ਪ੍ਰਾਈਵੇਸੀ ਖਤਰਾ ਹੋਰ ਵਧੇਗਾ। ਕਿਉਂਕਿ ਏਆਈ ਤੁਹਾਡੀਆਂ ਭਾਵਨਾਵਾਂ, ਵਿਚਾਰ ਅਤੇ ਭਵਿੱਖੀ ਵਿਵਹਾਰ ਦੀ ਭਵਿੱਖਬਾਣੀ ਕਰ ਸਕਦਾ ਹੈ। ਕਾਰਪੋਰੇਟ ਇਸ ਡਾਟੇ ਨੂੰ ਹੋਰ ਵਧੀਆ ਤਰੀਕੇ ਨਾਲ ਵਰਤ ਕੇ ਲੋਕਾਂ ਨੂੰ ਨਿਯੰਤਰਿਤ ਕਰ ਸਕਦੀਆਂ ਹਨ।

ਅੱਜ ਭਾਰਤ ਵਿਚ ਮੱਧ ਵਰਗ ਇਸ ਲਈ ਸਭ ਤੋਂ ਵੱਧ ਖਤਰੇ ਵਿਚ ਹੈ, ਕਿਉਂਕਿ ਉਹ ਆਰਥਿਕ ਤੌਰ 'ਤੇ ਮਜ਼ਬੂਤ ਹੋ ਰਿਹਾ ਹੈ ਪਰ ਮਾਨਸਿਕ ਤੌਰ 'ਤੇ ਕਮਜ਼ੋਰ ਹੋ ਰਿਹਾ ਹੈ।ਸਰਕਾਰ ਅਤੇ ਸਮਾਜ ਨੂੰ ਇਸ ਤੋਂ ਬਚਾਅ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ:ਯੂਟਿਊਬਰਾਂ ਲਈ ਰਜਿਸਟ੍ਰੇਸ਼ਨ ਅਤੇ ਯੋਗਤਾ ਦੀ ਲੋੜ।

ਐਲਗੋਰਿਦਮ ਵਿਚ ਸੁਧਾਰ ਤਾਕਿ ਗਲਤ ਕੰਟੈਂਟ ਨੂੰ ਘੱਟ ਪ੍ਰਮੋਟ ਕੀਤਾ ਜਾਵੇ। ਡਿਜੀਟਲ ਵੈਲਨੈੱਸ ਐਜੂਕੇਸ਼ਨ ਸਕੂਲਾਂ ਅਤੇ ਕਾਲਜਾਂ ਵਿਚ ਲਾਜ਼ਮੀ ਬਣਾਉਣਾ। DPDPA ਨੂੰ ਸਖ਼ਤੀ ਨਾਲ ਲਾਗੂ ਕਰਨਾ ਅਤੇ ਡਾਟਾ ਲੋਕਲਾਈਜ਼ੇਸ਼ਨ ਤੇ ਧਿਆਨ। ਉਮਰ-ਆਧਾਰਿਤ ਪਾਬੰਦੀਆਂ (ਜਿਵੇਂ ਆਰਥਿਕ ਸਰਵੇਖਣ 2026 ਵਿਚ ਸੁਝਾਇਆ ਗਿਆ)।

ਅੱਜ ਜਾਗਰੂਕਤਾ ਅਤੇ ਜਵਾਬਦੇਹੀ ਦੀ ਲੋੜ ਯੂਟਿਊਬ ਦੇ 50 ਕਰੋੜ ਯੂਜ਼ਰ ਅਤੇ ਢਾਈ ਕਰੋੜ ਚੈਨਲ ਇੱਕ ਵੱਡੀ ਤਾਕਤ ਹਨ, ਪਰ ਇਸ ਤਾਕਤ ਤੋਂ ਬਿਨਾਂ ਜਵਾਬਦੇਹੀ ਦੇ ਖਤਰਾ ਵੀ ਬਹੁਤ ਵੱਡਾ ਹੈ। ਭਾਰਤੀ ਲੋਕਾਂ, ਖਾਸ ਕਰ ਯੁਵਕਾਂ ਅਤੇ ਮੱਧ ਵਰਗ ਲਈ ਇਹ ਡਿਜੀਟਲ ਨਸ਼ਾ ਭਵਿੱਖ ਨੂੰ ਖਤਰੇ ਵਿਚ ਪਾ ਰਿਹਾ ਹੈ। ਡਾਟਾ ਪ੍ਰਾਈਵੇਸੀ ਦੀ ਲੁੱਟ ਅਤੇ ਗਲਤ ਸਲਾਹ ਦੇ ਕਾਰਨਾਮੇ ਲੋਕਾਂ ਨੂੰ ਆਪਣੀ ਆਜ਼ਾਦੀ ਅਤੇ ਸੁਰੱਖਿਆ ਤੋਂ ਵਾਂਝਾ ਕਰ ਰਹੇ ਹਨ।

ਅੱਜ ਸਮਾਂ ਆ ਗਿਆ ਹੈ ਕਿ ਅਸੀਂ ਆਪਣੀਆਂ ਆਦਤਾਂ ਬਦਲੀਏ, ਸਰਕਾਰ ਸਖ਼ਤ ਨਿਯਮ ਲਾਗੂ ਕਰੇ ਅਤੇ ਕਾਰਪੋਰੇਟਾਂ ਨੂੰ ਜਵਾਬਦੇਹ ਬਣਾਇਏ। ਨਹੀਂ ਤਾਂ ਇਹ ਵਾਇਰਲ ਜਨੂਨ ਭਾਰਤੀ ਸਮਾਜ ਨੂੰ ਇੱਕ ਅਜਿਹੀ ਥਾਂ ਲੈ ਜਾਵੇਗਾ ਜਿੱਥੇ ਅਸਲੀਅਤ ਤੋਂ ਵੱਧ ਡਿਜੀਟਲ ਭਰਮ ਹੀ ਰਾਜ ਕਰੇਗਾ। ਜਾਗੋ, ਚੈੱਕ ਕਰੋ ਅਤੇ ਸੁਰੱਖਿਅਤ ਰਹੋ — ਇਹ ਤੁਹਾਡੀ ਜਾਨ, ਬੱਚਤ ਅਤੇ ਭਵਿੱਖ ਦਾ ਸਵਾਲ ਹੈ।

# ਵਿਦਿਆਰਥੀਆਂ ਨੂੰ ਤਣਾਅ: ਕਿਵੇਂ ਘਟੇ ਚਿੰਤਾ ਅਤੇ ਖ਼ਤਮ ਹੋਵੇ ਸ਼ੋਸਲ ਮੀਡੀਆ ਦੀ ਆਦਤ



ਦਿਨੇਸ਼ ਕੁਮਾਰ
ਲੈਕਚਰਾਰ ਫ਼ਿਜ਼ਿਕਸ
ਸ. ਵਿਕਟੋਰੀਆ ਕੰਨਿਆ ਸੀਨੀ. ਸੈਂਕੰ. ਸਕੂਲ, ਪਟਿਆਲਾ



ਸਤਨਾਮ ਸਿੰਘ
ਸਰਕਾਰੀ ਪ੍ਰਾਇਮਰੀ ਸਕੂਲ ਜਾਤੀਵਾਲ,
ਬਲਾਕ ਭਾਦਸੋਂ 2
ਪਟਿਆਲਾ

ਅਜੋਕਾ ਸਮਾਜ ਇੱਕ ਦੌੜ ਦਾ ਹਿੱਸਾ ਬਣ ਰਿਹਾ ਹੈ.ਇਹ ਦੌੜ ਹੈ ਇੱਕ ਦੂਜੇ ਤੋਂ ਅੱਗੇ ਲੰਘਣ ਦੀ, ਵੱਧ ਤੋਂ ਵੱਧ ਪਦਾਰਥ ਇੱਕਠੇ ਕਰਨ ਦੀ, ਵੱਧ ਤੋਂ ਵੱਧ ਸਹੂਲਤਾਂ ਇੱਕਠੀਆਂ ਕਰਨ ਦੀ, ਵੱਧ ਤੋਂ ਵੱਧ ਧਨ ਕਮਾਉਣ ਦੀ. ਮਾਪੇ ਚਾਹੁੰਦੇ ਹਨ ਕਿ ਜੋ ਤੰਗੀ ਉਹਨਾਂ ਨੇ ਆਪਣੇ ਜੀਵਨ ਵਿੱਚ ਕੱਟੀ ਹੈ, ਉਹਨਾਂ ਦੇ ਬੱਚੇ ਉਹ ਨਾ ਦੇਖਣ. ਇਸ ਲਈ ਉਹ ਆਪਣੇ ਬੱਚੇ ਨੂੰ ਵਧੀਆ ਤੋਂ ਵਧੀਆ ਸਕੂਲਾਂ ਵਿੱਚ ਦਾਖਲ ਕਰਵਾ ਕੇ, ਮੋਟੀਆਂ ਫੀਸਾਂ ਦੇ ਕੇ, ਚੰਗੇ ਕੋਚਿੰਗ ਸੈਂਟਰਾਂ ਵਿੱਚ ਪੜ੍ਹਾ ਕੇ,ਇੱਕ ਚੰਗਾ ਕੋਰਸ ਕਰਵਾ ਕੇ ਉਹਨਾਂ ਨੂੰ ਉੱਚੀਆਂ ਪਦਵੀਆਂ ਉੱਤੇ ਦੇਖਣਾ ਚਾਹੁੰਦੇ ਹਨ. ਇਹ ਸਭ ਕੁੱਝ ਹਾਸਿਲ ਕਰਨ ਲਈ ਜਿੱਥੇ ਉਹ ਆਪ ਦਿਨ ਰਾਤ ਮਿਹਨਤ ਕਰਕੇ ਪੈਸਾ ਕਮਾਉਣ ਲਈ ਲੱਗੇ ਹਨ, ਉੱਥੇ ਆਪਣੇ ਬੱਚਿਆਂ ਉਪਰ ਵੀ ਵੱਧ ਤੋਂ ਵੱਧ ਅੰਕ ਲੈ ਕੇ ਪਾਸ ਹੋਣ ਦਾ ਦਬਾਅ ਪਾ ਰਹੇ ਹਨ. ਹਰ ਬੱਚੇ ਦਾ ਜ਼੍ਹ ਵੱਖਰਾ ਹੈ. ਉਸਦੇ ਸਿੱਖਣ ਦੀ ਸਮਰੱਥਾ ਅਤੇ ਗਤੀ ਅੱਲਗ ਹੈ. ਸਾਰੇ ਬੱਚੇ ਇੱਕੋ ਜਿਹੇ ਨਹੀਂ ਹੁੰਦੇ. ਉਹਨਾਂ ਦੇ ਵਿਚਾਰ, ਰੁਚੀਆਂ ਵੱਖਰੀਆਂ ਵੱਖਰੀਆਂ ਹੁੰਦੀਆਂ ਹਨ. ਕਈ ਬੱਚੇ ਚੰਗੇ ਕਵੀ, ਪੇਂਟਰ, ਅਦਾਕਾਰ, ਗੀਤਕਾਰ, ਗਾਇਕ, ਖਿਡਾਰੀ, ਸਾਇੰਸਦਾਨ, ਲੇਖਕ ਆਦਿ ਬਣ ਸਕਦੇ ਹਨ. ਬੱਚੇ ਨੂੰ ਉਸਦੀਆਂ ਰੂਚੀਆਂ ਅਨੁਸਾਰ ਅੱਗੇ ਵੱਧਣ ਦੇ ਮੌਕੇ ਦਿੱਤੇ ਜਾਣ ਤਾਂ ਉਹ ਜਿਆਦਾ ਤਰੱਕੀ ਕਰ ਸਕਦਾ ਹੈ ਪਰੰਤੂ ਅੱਜ ਕੱਲ ਇਸਤੋਂ ਉੱਲਟ ਹੋ ਰਿਹਾ ਹੈ.ਹਰ ਬੱਚੇ ਨੂੰ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ. ਉਸ ਦੀਆਂ ਰੂਚੀਆਂ ਵਿਚਾਰਾਂ ਦੀ ਕਦਰ ਨਹੀ ਕੀਤੀ ਜਾਂ ਰਹੀ. ਕਈ ਵਾਰ ਤਾਂ ਬੱਚੇ ਇੰਨਾ ਦਬਾਅ ਮਹਿਸੂਸ ਕਰਦੇ ਹਨ ਕਿ ਉਹ ਆਤਮ ਹੱਤਿਆ ਵੀ ਕਰ ਜਾਂਦੇ ਹਨ.ਅਸੀਂ ਅਖਬਾਰਾਂ ਵਿੱਚ ਪੜ੍ਹਦੇ ਹਾਂ ਕਿ ਕਿਸੇ ਵਿਦਿਆਰਥੀ ਨੇ ਇਸ ਕਰਕੇ ਆਤਮ ਹੱਤਿਆ ਕਰ ਲਈ ਕਿ ਉਹ ਕਿਸੇ ਮੁਕਾਬਲੇ ਦੇ ਇਮਤਿਹਾਨ ਵਿੱਚ ਪਾਸ ਨਹੀਂ ਹੋ ਸਕਿਆ. ਇਹ ਬਹੁਤ ਮਾੜੀ ਪ੍ਰਵਿਰਤੀ ਹੈ.

ਅਧਿਆਪਕਾਂ ਅਤੇ ਮਾਪਿਆਂ ਦਾ ਫਰਜ਼ ਹੈ ਕਿ ਉਹ ਸਭ ਤੋਂ ਪਹਿਲਾਂ ਵਿਦਿਆਰਥੀਆਂ ਦੀਆਂ ਭਾਵਨਾਵਾਂ ਅਤੇ ਉਹਨਾਂ ਦੀ ਰੂਚੀਆਂ ਦਾ ਸਤਿਕਾਰ ਕਰੇ. ਵਿਦਿਆਰਥੀਆਂ ਨੂੰ ਜਮਾਤ ਦੇ ਕਮਰੇ ਵਿੱਚ ਪੂਰਨ ਅਜ਼ਾਦੀ ਦਿੱਤੀ ਜਾਵੇ ਤਾਂ ਜੋ ਆਪਣੀ ਗੱਲ ਸੁੰਤਤਰਤਾ ਪੂਰਵਕ ਰੱਖ ਸਕੇ. ਉਸਦੇ ਮਨ ਦੇ ਸੰਦੇਹ ਦੂਰ ਹੋ ਸਕਣ ਉਹ ਸਕੂਲ ਆਉਣ ਤੋਂ ਨਾ ਡਰੇ ਅਤੇ ਨਾ ਹੀ ਪੜ੍ਹਾਈ ਨੂੰ ਬੋਝ ਸਮਝੇ. ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚੇ ਨੂੰ ਉਤਸਾਹਿਤ ਵੀ ਕਰਨ ਅਤੇ ਉਸ ਨਾਲ ਹਮਦਰਦੀ ਭਰੇ ਸ਼ਬਦ ਬੋਲਣ. ਉਸਨੂੰ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨ ਦੀ ਦਬਾਅ ਨਾ ਪਾਉਣ ਸਗੋਂ ਉਸ ਨੂੰ ਇਹ ਅਹਿਸਾਸ ਕਰਵਾਉਣ ਕਿ ਉਹ ਜੋ ਕਰ ਰਿਹਾ ਹੈ ਵਧੀਆ ਕਰ ਰਿਹਾ ਹੈ. ਉਹ ਹੋਰ ਵਧੀਆ ਕਰ ਸਕਦਾ ਹੈ ਉਸ ਵਿੱਚ ਬਹੁਤ ਹੁਨਰ ਹੈ.ਉਸਨੂੰ ਦੁਰਕਾਰਨ ਦੀ ਬਜਾਏ ਪ੍ਰਸ਼ੰਸਾ ਭਰੇ ਸ਼ਬਦ ਬੋਲੇ ਜਾਣ ਤਾਂ ਜੋ ਬੱਚਾ ਘਰ ਵਿੱਚ ਘੁਟਣ ਮਹਿਸੂਸ ਨਾ ਕਰੇ. ਜਦੋਂ ਬੱਚੇ ਨੂੰ ਮਾਪੇ ਅਤੇ ਅਧਿਆਪਕ ਉਤਸਾਹਿਤ ਕਰਦੇ ਹਨ ਤਾਂ ਉਹ ਦੁੱਗਣੀ ਤਾਕਤ ਨਾਲ ਕੰਮ ਕਰਦਾ ਹੈ. ਕਿਸੇ ਵਿਦਵਾਨ ਨੇ ਬਹੁਤ ਵਧੀਆ ਕਿਹਾ ਹੈ ਕਿ ਵਿਦਿਆਰਥੀ ਉਸ ਸਮੇ ਸਭ ਤੋਂ ਵਧੀਆ ਸਿੱਖਦਾ ਹੈ, ਜਦੋਂ ਵਿਦਿਆਰਥੀ ਨੂੰ ਇਹ ਅਹਿਸਾਸ ਹੋਵੇ ਕਿ ਅਧਿਆਪਕ ਮੈਨੂੰ ਪੰਸਦ ਕਰਦਾ ਹੈ ਅਤੇ ਮੇਰੇ ਕੰਮ ਤੋਂ ਖੁਸ਼ ਹੈ ਵਿਦਿਆਰਥੀਆਂ ਦਾ ਤਣਾਅ ਘਟਾਅ ਕੇ ਅਸੀਂ ਉਸਦੀਆਂ ਪ੍ਰਾਪਤੀਆਂ ਨੂੰ ਨਿਖਾਰ ਸਕਦੇ ਹਾਂ.

ਵਿਦਿਆਰਥੀਆਂ ਦੀ ਚਿੰਤਾ ਦੂਰ ਦਰਨ ਲਈ ਮਾਪੇ ਅਤੇ ਅਧਿਆਪਕ ਉਹਨਾਂ ਨਾਲ ਸਮੇਂ ਸਮੇਂ ਤੇ ਗੱਲਬਾਤ ਰਾਹੀਂ, ਵਿਚਾਰਾਂ ਦੇ ਆਦਾਨ ਪ੍ਰਦਾਨ ਰਾਹੀਂ ਗੱਰੁਪ ਬਣਾ ਕੇ, ਵਧੀਆ ਵਿਦਵਾਨਾਂ ਦੇ ਭਾਸ਼ਣਾਂ ਰਾਹੀਂ ਯਤਨ ਕਰ ਸਕਦੇ ਹਨ. ਵਿਦਿਆਰਥੀਆਂ ਨੂੰ ਇਹ ਅਹਿਸਾਸ ਦਿਲਾਇਆ ਜਾਵੇ ਕਿ ਜੀਵਨ ਵਿੱਚ ਕੋਈ ਵੀ ਟੀਚਾ ਅੰਤਿਮ ਨਹੀਂ ਹੈ. ਸਾਰੀ ਉਮਰ ਕੋਸ਼ਿਸ ਚਲਦੀ ਰਹਿੰਦੀ ਹੈ. ਇੱਕ ਵਾਰ ਅਸਫਲ ਹੋਇਆ ਵਿਅਕਤੀ ਹਮੇਸ਼ਾ ਅਸਫਲ ਨਹੀਂ ਹੁੰਦਾ. ਸਫਲਤਾ ਅਤੇ ਅਸਫਲਤਾ ਜੀਵਨ ਦੇ ਦੋ ਪਹਿਲੂ ਹਨ. ਇਹ ਜੀਵਨ ਭਰ ਚਲਦੀ ਰਹਿੰਦੀ ਹੈ. ਵਿਦਿਆਰਥੀਆਂ ਨੂੰ ਮਹਾਨ ਵਿਗਿਆਨੀਆਂ ਦੀਆਂ ਜੀਵਨੀਆਂ ਸੁਣਾ ਕੇ ਦੱਸਿਆ ਜਾ ਸਕਦਾ ਹੈ ਕਿ ਉਹ ਵੀ ਜੀਵਨ ਵਿੱਚ ਕਈ ਵਾਰ ਅਸਫਲਤਾਵਾਂ ਤੋਂ ਬਾਅਦ ਸਫਲ ਹੋਏ ਸਨ. ਦੁਨੀਆਂ ਉਹਨਾਂ ਨੂੰ ਵੀ ਤਾਹਨੇ ਮਾਰਦੀ ਸੀ ਪਰ ਬਾਅਦ ਵਿੱਚ ਸਾਰੀ ਦੁਨੀਆਂ ਉਹਨਾਂ ਨੂੰ ਮੰਨਣ ਲੱਗ ਪਈ ਮਨੁੱਖ ਨੂੰ ਹਮੇਸ਼ਾ ਆਪਣੇ ਆਪ ਤੇ ਭਰੋਸਾ ਰੱਖਣਾ ਚਾਹੀਦਾ ਹੈ.ਸਫਲਤਾ ਹਮੇਸ਼ਾ ਉਹਨਾਂ ਨੂੰ ਮਿਲਦੀ ਹੈ ਜੋ ਕਦੇ ਹਾਰ ਨਹੀਂ ਮੰਨਦੇ.

ਬੱਚਿਆਂ ਨੂੰ ਅੱਜ ਕਲ ਸੋਸ਼ਲ ਮੀਡੀਆ ਨੇ ਆਪਣੇ ਪੰਜੇ ਵਿੱਚ ਜਕੜ ਰੱਖਿਆ ਹੈ. ਜਿਹੜੇ ਘਰਾਂ ਵਿੱਚ ਮਾਤਾ ਪਿਤਾ ਬੱਚਿਆਂ ਦੇ ਸਾਹਮਣੇ ਮੋਬਾਇਲ ਉਪਰ ਸਮਾਂ ਬਿਤਾਉਂਦੇ ਹਨ. ਉਹਨਾਂ ਘਰਾਂ ਵਿੱਚ ਬੱਚੇ ਵੀ ਮੋਬਾਇਲ ਦੇਖਣ ਦੇ ਆਦੀ ਹੋ ਜਾਂਦੇ ਹਨ. ਜਦੋਂ ਬੱਚੇ ਛੋਟੇ ਹੁੰਦੇ ਹਨ ਤਾਂ ਮਾਵਾਂ ਕੰਮ ਕਰਨ ਸਮੇਂ ਬੱਚੇ ਨੂੰ ਮੋਬਾਇਲ ਫੋਨ ਉਤੇ ਕਾਰਟੂਨ ਲਗਾ ਕੇ ਫੜਾ ਦਿੰਦੀਆਂ ਹਨ ਤਾਂ ਜੋ ਬੱਚਾ ਮੋਬਾਇਲ ਵਿੱਚ ਰੁਝਿਆ ਰਹੇ ਅਤੇ ਉਸਨੂੰ ਕੰਮ ਕਰਨ ਵੇਲੇ ਤੰਗ ਨਾ ਕਰੇ. ਇਸਤਰਾਂ ਹੌਲੀ ਹੌਲੀ ਬੱਚਾ ਮੋਬਾਇਲ ਦਾ ਆਦੀ ਹੋ ਜਾਂਦਾ ਹੈ. ਜਿਹੜੇ ਘਰਾਂ ਵਿੱਚ ਮਾਤਾ ਪਿਤਾ ਦੋਵੇ ਨੌਕਰੀ ਪੇਸ਼ਾ ਹਨ ਉੱਥੇ ਉਹ ਬੱਚਿਆਂ ਨੂੰ ਸਮਾਂ ਨਹੀਂ ਦੇ ਪਾਉਂਦੇ. ਬੱਚਿਆ ਨਾਲ ਗੱਲਬਾਤ ਘੱਟ ਕਰਦੇ ਹਨ ਅਤੇ ਇੱਕਠੇ ਘੱਟ ਬੈਠਦੇ ਹਨ.

ਉਹਨਾਂ ਘਰਾਂ ਵਿੱਚ ਜਿੱਥੇ ਹਰ ਮੈਂਬਰ ਦਾ ਆਪਣਾ ਕਮਰਾ ਹੈ, ਉੱਥੇ ਆਪਸੀ ਗੱਲਬਾਤ ਘੱਟ ਹੁੰਦੀ ਹੈ. ਬੱਚੇ ਆਪਣੇ ਕਮਰੇ ਵਿੱਚ ਬੈਠੇ ਰਹਿੰਦੇ ਹਨ. ਕਈ ਵਾਰ ਤਾਂ ਰੋਟੀ ਵੀ ਅਪਣੇ ਆਪਣੇ ਕਮਰੇ ਵਿੱਚ ਹੀ ਖਾਧੀ ਜਾਂਦੀ ਹੈ ਅਜਿਹੇ ਮਾਹੌਲ ਵਿੱਚ ਬੱਚਾ ਆਪਣੇ ਮਨ ਦੇ ਭਾਵ ਪ੍ਰਗਟ ਨਹੀਂ ਕਰ ਪਾਉਂਦਾ. ਉਸਦੀ ਗੱਲ ਕੋਈ ਨਹੀਂ ਸੁਣਦਾ. ਇਥੋਂ ਖੁੱਲਦਾ ਹੈ ਬੱਚੇ ਦੇ ਜੀਵਨ ਵਿੱਚ ਸੋਸ਼ਲ ਮੀਡੀਆ ਦਾ ਦਰਵਾਜ਼ਾ. ਇਸ ਦਰਵਾਜ਼ੇ ਵਿੱਚ ਜਦੋਂ ਬੱਚਾ ਦਾਖਲ ਹੁੰਦਾ ਹੈ ਤਾਂ ਉਹ ਫਿਰ ਮੁੜ ਕੇ ਵਾਪਿਸ ਨਹੀਂ ਜਾ ਸਕਦਾ. ਸ਼ੋਸਲ ਮੀਡੀਆ ਜਿਵੇਂ ਫੇਸ ਬੁੱਕ, ਟੱਵੀਟਰ, ਐਕਸ, ਇੰਸਟਾਗ੍ਰਾਮ ਆਦਿ ਇਹ ਝੂਠ ਅਤੇ ਫਰੇਬ ਦੀ ਦੁਨੀਆ ਆਪਣੀ ਪਛਾਣ ਵੀ ਗੁਆ ਲੈਂਦਾ ਹੈ. ਭਰਮ ਦੀ ਦੁਨੀਆ ਵਿੱਚ ਬੱਚਾ ਝੂਠੇ ਰਿਸ਼ਤਿਆ ਦੀ ਦਲਦਲ ਵਿੱਚ ਧੱਸਦਾ ਜਾਂਦਾ ਹੈ. ਉਹ ਆਪਣੇ ਅਸਲੀ ਰਿਸ਼ਤਿਆ ਜਿਵੇਂ ਮਾਤਾ ਪਿਤਾ, ਭੈਣ ਭਰਾ, ਦਾਦਾ ਦਾਦੀ ਆਦਿ ਤੋਂ ਦੂਰ ਹੁੰਦਾ ਜਾਂਦਾ ਹੈ. ਸੋਸ਼ਲ ਮੀਡੀਆ ਉਪਰ ਕਈ ਤਰ੍ਹਾਂ ਦੇ ਧੋਖੇ ਵੀ ਹੁੰਦੇ ਹਨ. ਜਿਸ ਕਾਰਨ ਬੱਚੇ ਕਈ ਵਾਰ ਮੁਸੀਬਤ ਵਿੱਚ ਵੀ ਫਸ ਜਾਂਦੇ ਹਨ.

ਸ਼ੋਸਲ ਮੀਡੀਆ ਦੇ ਪ੍ਰਭਾਵ ਤੋਂ ਬਚਣ ਲਈ ਮਾਪੇ ਅਤੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਸਰੀਰਕ ਕਸਰਤ, ਯੋਗਾ, ਖੇਡਾਂ ਵਿੱਚ ਰੂਚੀ ਜਾਗਰਿਤ ਕਰਨ. ਬੱਚਿਆਂ ਨੂੰ ਸਵੇਰ ਦੀ ਸੈਰ, ਸ਼ਾਮ ਦੀ ਸੈਰ ਖੇਡਾਂ ਜਿਵੇਂ ਬੈਡਮਿੰਟਨ, ਵਾਲੀਵਾਲ, ਫੁੱਟਬਾਲ, ਕ੍ਰਿਕਟ ਆਦਿ ਵਿੱਚ ਰੁਚੀ ਪੈਦਾ ਕੀਤੀ ਜਾਵੇ ਤਾਂ ਜੋ ਉਹ ਆਪਣਾ ਵਿਹਲਾ ਸਮਾਂ ਮੋਬਾਇਲ ਉੱਪਰ ਬਤੀਤ ਕਰਨ ਦੀ ਬਜਾਏ ਖੇਡਾਂ ਖੇਡਣ ਵਿੱਚ ਬਤੀਤ ਕਰਨ. ਵਿਦਿਆਰਥੀਆਂ ਨੂੰ ਜਿੰਮ ਜਾਣ ਲਈ ਵੀ ਪ੍ਰੇਰਿਤ ਕੀਤਾ ਜਾ ਸਕਦਾ ਹੈ ਬੱਚਿਆਂ ਵਿੱਚ ਰੂਚੀ ਪੈਦਾ ਕਰਨ ਲਈ ਅਧਿਆਪਕ ਅਤੇ ਮਾਪੇ ਆਪ ਵੀ ਕਸਰਤ ਕਰਨ ਅਤੇ ਖੇਡਾਂ ਵਿੱਚ ਭਾਗ ਲੈ ਸਕਦੇ ਹਨ.

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਵਿਦਿਆਰਥੀਆਂ ਦੀ ਚਿੰਤਾ, ਬੇਚੈਨੀ ਦੂਰ ਕਰਨਾ ਅਧਿਆਪਕਾਂ ਅਤੇ ਮਾਪਿਆ ਦਾ ਪਹਿਲਾ ਫਰਜ਼ ਹੈ.ਵਿਦਿਆਰਥੀਆਂ ਨੂੰ ਉਹਨਾਂ ਦੀ ਰੂਚੀਆ ਅਤੇ ਯੋਗਤਾਵਾਂ ਅਨੁਸਾਰ ਅੱਗੇ ਵੱਧਣ ਲਈ ਉਤਸਾਹਿਤ ਕਰਨ ਉਹਨਾਂ ਉੱਪਰ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨ ਲਈ ਵਾਧੂ ਬੋਝ ਨਾ ਪਾਇਆ ਜਾਵੇ. ਕਿਉਂਕਿ ਹਰੇਕ ਵਿਦਿਆਰਥੀ ਦੀਆਂ ਵੱਖਰੀਆਂ-ਵੱਖਰੀਆਂ ਰੁਚੀਆਂ, ਜ਼੍ਹ. ਅਤੇ ਯੋਗਤਾਵਾਂ ਹੁੰਦੀਆ ਹਨ. ਹਰੇਕ ਬੱਚੇ ਨੇ ਆਪਣੀ ਗਤੀ ਨਾਲ ਚਲਣਾ ਹੁੰਦਾ ਹੈ ਅਤੇ ਆਪਣੀਆਂ ਰੂਚੀਆ ਅਨੁਸਾਰ ਹੀ ਵੱਧ ਤੋਂ ਵੱਧ ਤਰੱਕੀ ਕਰ ਸਕਦਾ ਹੈ.ਇਸੇ ਤਰ੍ਹਾ ਸੋਸ਼ਲ ਮੀਡੀਆ ਦੇ ਚੁੰਗਲ ਵਿੱਚੋ ਬੱਚਿਆਂ ਨੂੰ ਕੱਢਣ ਲਈ ਖੇਡਾਂ ਬਹੁਤ ਵਧੀਆ ਸਾਧਨ ਸਿੱਧ ਹੋ ਸਕਦੀਆਂ ਹਨ. ਖੇਡਾਂ ਨਾਲ ਜਿੱਥੇ ਬੱਚੇ ਸਰੀਰਕ ਤੌਰ ਤੇ ਮਜ਼ਬੂਤ ਹੋਣਗੇ ਉੱਥੇ ਸ਼ੋਸਲ ਮੀਡੀਆ ਦੇ ਮਾੜੇ ਪ੍ਰਭਾਵਾਂ ਤੋਂ ਵੀ ਬਚੇ ਰਹਿਣਗੇ. ਇਸ ਲਈ ਮਾਪੇ ਅਤੇ ਅਧਿਆਪਕ ਮਿਲ ਕੇ ਬੱਚਿਆਂ ਨੂੰ ਚਿੰਤਾ ਤਣਾਅ ਤੋਂ ਮੁਕਤ ਕਰਕੇ ਇੱਕ ਚੰਗਾ ਨਾਗਰਿਕ ਬਣਾ ਸਕਦੇ ਹਨ.

ਇਸੇ ਤਰ੍ਹਾਂ ਸ਼ੋਸਲ ਮੀਡੀਆ ਦੇ ਮਾੜੇ ਪ੍ਰਭਾਵ ਤੋਂ ਬਚਾਅ ਕੇ ਖੇਡਾ ਵੱਚ ਰੂਚੀ ਪੈਦਾ ਕਰਕੇ ਬੱਚਿਆਂ ਨੂੰ ਸਰੀਰਕ ਤੌਰ ਤੇ ਮਜ਼ਬੂਤ ਕੀਤਾ ਜਾ ਸਕਦਾ ਹੈ.



ਸ਼ਸ਼ੀਕਾਂਤ ਉਪਾਧਿਆਏ

# ਨਕਸਲਵਾਦ 'ਤੇ ਨਿਰਣਾਇਕ ਹਮਲਾ: ਆਤਮ-ਸਮਰਪਣ, ਗ੍ਰਿਫ਼ਤਾਰੀਆਂ ਅਤੇ ਵਿਕਾਸ ਨਾਲ ਬਦਲੀ ਤਸਵੀਰ

ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ਼੍ਰੀ ਅਮਿਤ ਸ਼ਾਹ ਦੀ ਰਣਨੀਤਕ ਅਗਵਾਈ, ਸਪੱਸ਼ਟ ਨੀਤੀ ਅਤੇ ਬਹੁ-ਪੱਧਰੀ ਪਹੁੰਚ ਸਦਕਾ ਦੇਸ਼ ਵਿੱਚ ਨਕਸਲਵਾਦ ਦਾ ਖ਼ਾਤਮਾ ਹੋ ਗਿਆ ਹੈ। ਉਨ੍ਹਾਂ ਨੇ 31 ਮਾਰਚ, 2026 ਦੀ ਤਾਰੀਖ ਤੈਅ ਕੀਤੀ ਸੀ ਅਤੇ 30 ਮਾਰਚ ਨੂੰ ਹੀ ਸੰਸਦ ਵਿੱਚ ਆਪਣੇ ਬਿਆਨ ਰਾਹੀਂ ਪੂਰੇ ਦੇਸ਼ ਨੂੰ ਸੁਖਦ ਸੂਚਨਾ ਦਿੱਤੀ ਕਿ ਦੇਸ਼ ਹੁਣ ਨਕਸਲਵਾਦ ਦੇ ਦੰਸ਼ ਤੋਂ ਮੁਕਤ ਹੋ ਗਿਆ ਹੈ।

ਕੇਂਦਰ ਸਰਕਾਰ ਅਤੇ ਛੱਤੀਸਗੜ੍ਹ ਸਰਕਾਰ ਦੀਆਂ ਨੀਤੀਆਂ ਅਤੇ ਆਪਸੀ ਤਾਲਮੇਲ ਨਾਲ ਸੁਰੱਖਿਆ, ਵਿਕਾਸ ਅਤੇ ਮੁੜ-ਵਸੇਬੇ ਨੂੰ ਨਾਲ ਲੈ ਕੇ ਚੱਲਣ ਦੀ ਉਨ੍ਹਾਂ ਦੀ ਰਣਨੀਤੀ ਨੇ ਜ਼ਮੀਨੀ ਪੱਧਰ 'ਤੇ ਠੋਸ ਨਤੀਜੇ ਦਿੱਤੇ ਹਨ। ਕਰਮਵਾਰ ਤਰੀਕੇ ਨਾਲ ਹਿੰਸਾ ਵਿੱਚ ਇਤਿਹਾਸਕ ਗਿਰਾਵਟ ਆਈ ਹੈ, ਜਦਕਿ ਆਤਮ-ਸਮਰਪਣ ਅਤੇ ਗ੍ਰਿਫ਼ਤਾਰੀਆਂ ਦੇ ਅੰਕੜਿਆਂ ਵਿੱਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਅੰਕੜਿਆਂ ਅਨੁਸਾਰ, ਸਾਲ 2010 ਦੇ ਉੱਚ ਪੱਧਰ ਦੀ ਤੁਲਨਾ ਵਿੱਚ 2024 ਤੱਕ ਨਕਸਲੀ ਘਟਨਾਵਾਂ ਵਿੱਚ ਲਗਭਗ *80 ਫੀਸਦੀ* ਅਤੇ ਮੌਤਾਂ ਵਿੱਚ ਕਰੀਬ 85 ਫੀਸਦੀ ਦੀ ਕਮੀ ਆਈ ਹੈ। ਨਕਸਲ ਪ੍ਰਭਾਵਿਤ ਜ਼ਿਲ੍ਹਿਆਂ ਦੀ ਗਿਣਤੀ ਵੀ 126 ਤੋਂ ਘਟ ਕੇ ਸਿਰਫ਼ 38 ਰਹਿ ਗਈ ਹੈ। ਇਹ ਤਬਦੀਲੀ ਕਿਸੇ ਇੱਕ ਪਹਿਲ ਦਾ ਨਤੀਜਾ ਨਹੀਂ, ਸਗੋਂ ਇੱਕ ਸੋਚੀ-ਸਮਝੀ ਅਤੇ ਲਗਾਤਾਰ ਲਾਗੂ ਕੀਤੀ ਗਈ ਰਣਨੀਤੀ ਦਾ ਸਿੱਟਾ ਹੈ।

ਹਾਲ ਹੀ ਦੇ ਸਾਲਾਂ ਵਿੱਚ ਇਹ ਸੁਧਾਰ ਹੋਰ ਤੇਜ਼ ਹੋਇਆ ਹੈ। ਸਾਲ 2019 ਤੋਂ 2024 ਦਰਮਿਆਨ ਹਿੰਸਕ ਘਟਨਾਵਾਂ 501 ਤੋਂ ਘਟ ਕੇ 374 ਹੋ ਗਈਆਂ, ਜੋ ਲਗਭਗ 25 ਫੀਸਦੀ ਦੀ ਗਿਰਾਵਟ ਨੂੰ ਦਰਸਾਉਂਦੀਆਂ ਹਨ। ਇਸੇ ਸਮੇਂ ਦੌਰਾਨ ਨਾਗਰਿਕਾਂ ਅਤੇ ਸੁਰੱਖਿਆ ਬਲਾਂ ਦੀਆਂ ਮੌਤਾਂ ਸਾਲਾਨਾ 202 ਤੋਂ ਘਟ ਕੇ 150 ਰਹਿ ਗਈਆਂ। ਇਹ ਸੰਕੇਤ ਹੈ ਕਿ ਨਾ ਸਿਰਫ਼ ਘਟਨਾਵਾਂ ਘਟੀਆਂ ਹਨ, ਸਗੋਂ ਉਨ੍ਹਾਂ ਦੀ ਤੀਬਰਤਾ ਅਤੇ ਪ੍ਰਭਾਵ ਵੀ ਘਟਿਆ ਹੈ।

ਸਭ ਤੋਂ ਮਹੱਤਵਪੂਰਨ ਬਦਲਾਅ ਨਕਸਲੀਆਂ ਦੇ ਵਿਵਹਾਰ ਵਿੱਚ ਆਇਆ ਹੈ। ਹੁਣ ਵੱਡੀ ਗਿਣਤੀ ਵਿੱਚ ਅੱਤਵਾਦੀ ਮੁੱਖ ਧਾਰਾ ਵਿੱਚ ਪਰਤ ਰਹੇ ਹਨ। ਗ੍ਰਹਿ ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਸਾਲ 2024 ਵਿੱਚ 290 ਨਕਸਲੀ ਮਾਰੇ ਗਏ, ਜਦੋਂ ਕਿ 1,090 ਗ੍ਰਿਫ਼ਤਾਰ ਹੋਏ ਅਤੇ 881 ਨੇ ਆਤਮ-ਸਮਰਪਣ ਕੀਤਾ। ਉੱਥੇ ਹੀ 2025 ਵਿੱਚ (ਸਤੰਬਰ ਤੱਕ) 270 ਮਾਰੇ ਗਏ, 680 ਗ੍ਰਿਫ਼ਤਾਰ ਹੋਏ ਅਤੇ 1,225 ਨੇ ਆਤਮ-ਸਮਰਪਣ ਕੀਤਾ। ਇਹ ਤੱਥ ਆਪਣੇ ਆਪ ਵਿੱਚ ਇਸ ਗੱਲ ਦਾ ਸਬੂਤ ਹੈ ਕਿ ਸਰਕਾਰ ਦੀ ਨੀਤੀ ਦਾ ਅਸਰ ਸਿੱਧਾ ਜ਼ਮੀਨੀ ਕਾਡਰਾਂ @ਤੇ ਪਿਆ ਹੈ। ਉਹ ਹਥਿਆਰ ਛੱਡ ਕੇ ਆਮ ਜੀਵਨ ਵੱਲ ਪਰਤਣ ਲੱਗੇ ਹਨ। ਇਹ ਬਦਲਾਅ ਸਿਰਫ਼ ਸੁਰੱਖਿਆ ਬਲਾਂ ਦੀ ਕਾਰਵਾਈ ਦਾ ਨਤੀਜਾ ਨਹੀਂ ਹੈ, ਸਗੋਂ ਵਿਕਾਸ ਦੇ ਨਾਲ ਵਿਸ਼ਵਾਸ ਦੀ ਨੀਤੀ ਦਾ ਵੀ ਅਸਰ ਹੈ। ਅਮਿਤ ਸ਼ਾਹ ਦੀ ਅਗਵਾਈ ਵਿੱਚ ਅਪਣਾਈ ਗਈ ਰਣਨੀਤੀ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਨਕਸਲਵਾਦ ਦਾ ਹੱਲ ਸਿਰਫ਼ ਬੰਦੂਕ ਨਾਲ ਨਹੀਂ, ਸਗੋਂ ਵਿਕਾਸ, ਸੰਵਾਦ ਅਤੇ ਮੁੜ-ਵਸੇਬੇ ਦੇ ਸੰਤੁਲਿਤ ਯਤਨਾਂ ਨਾਲ ਹੀ ਸੰਭਵ ਹੈ।

ਛੱਤੀਸਗੜ੍ਹ, ਜੋ ਕਦੇ ਨਕਸਲਵਾਦ ਦਾ ਗੜ੍ਹ ਮੰਨਿਆ ਜਾਂਦਾ ਸੀ, ਉੱਥੇ ਵੀ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ। ਸਾਲ 2024 ਵਿੱਚ ਜਿੱਥੇ 290 ਨਕਸਲੀ ਮਾਰੇ ਗਏ, ਉੱਥੇ 1,000 ਤੋਂ ਵੱਧ ਨੇ ਆਤਮ-ਸਮਰਪਣ ਕੀਤਾ। ਬਸਤਰ ਖੇਤਰ ਵਿੱਚ ਤਾਂ ਪੂਰੇ ਦੇ ਪੂਰੇ ਸਮੂਹ ਆਤਮ-ਸਮਰਪਣ ਕਰ ਰਹੇ ਹਨ। ਦੰਡਕਾਰਨੀਆ ਆਦਿਵਾਸੀ ਕਿਸਾਨ ਮਜ਼ਦੂਰ ਸੰਘ ਨਾਲ ਜੁੜੇ 200 ਤੋਂ ਵੱਧ ਕਾਡਰਾਂ ਨੇ ਇੱਕੋ ਸਮੇਂ ਆਤਮ-ਸਮਰਪਣ ਕਰਕੇ ਸੰਵਿਧਾਨ ਪ੍ਰਤੀ ਆਪਣੀ ਨਿਹਚਾ ਪ੍ਰਗਟਾਈ ਇਸ ਨੂੰ ਤਬਦੀਲੀ ਦਾ ਇੱਕ ਇਤਿਹਾਸਕ ਪ੍ਰਤੀਕ ਮੰਨਿਆ ਜਾ ਰਿਹਾ ਹੈ। ਸਰਕਾਰ ਦੀਆਂ ਮੁੜ-ਵਸੇਬਾ ਯੋਜਨਾਵਾਂ ਦਾ ਵੀ ਸਕਾਰਾਤਮਕ ਪ੍ਰਭਾਵ ਪਿਆ ਹੈ। ਆਤਮ-ਸਮਰਪਣ ਕਰਨ ਵਾਲੇ ਕਈ ਸਾਬਕਾ ਅੱਤਵਾਦੀ ਹੁਣ ÷ਬਸਤਰ ਕੈਫੇ÷ ਵਰਗੇ ਉੱਦਮ ਚਲਾ ਰਹੇ ਹਨ, ਜਦੋਂ ਕਿ ਕੁਝ ਬਸਤਰ ਫਾਈਟਰਜ਼ ਵਜੋਂ ਸੁਰੱਖਿਆ ਬਲਾਂ ਵਿੱਚ ਸ਼ਾਮਲ ਹੋ ਕੇ ਸਮਾਜ ਦੀ ਸੇਵਾ ਕਰ ਰਹੇ ਹਨ।

ਸੁਰੱਖਿਆ ਬਲਾਂ ਦੀ ਕਾਰਵਾਈ ਵਿੱਚ ਵੀ ਵੱਡੀ ਸਫਲਤਾ ਮਿਲੀ ਹੈ। ਚੋਟੀ ਦੀ ਮਾਓਵਾਦੀ ਲੀਡਰਸ਼ਿਪ ਦਾ ਤੇਜ਼ੀ ਨਾਲ ਸਫਾਇਆ ਹੋਇਆ ਹੈ। ਹਾਲ ਹੀ ਵਿੱਚ ਸੀ.ਪੀ.ਆਈ. (ਮਾਓਵਾਦੀ) ਦੇ ਜਨਰਲ ਸਕੱਤਰ ਨੰਬਾਲਾ ਕੇਸ਼ਵ ਰਾਓ ਉਰਫ ਬਸਵਰਾਜੂ ਨੂੰ ਮਾਰ ਦਿੱਤਾ ਗਿਆ। ਪਿਛਲੇ ਚਾਰ ਸਾਲਾਂ ਵਿੱਚ ਕੇਂਦਰੀ ਕਮੇਟੀ ਦੇ 18 ਤੋਂ ਵੱਧ ਮੈਂਬਰ ਮਾਰੇ ਗਏ ਜਾਂ ਗ੍ਰਿਫ਼ਤਾਰ ਕੀਤੇ ਗਏ ਹਨ। ਇਸ ਨਾਲ ਸੰਗਠਨ ਦਾ ਲੱਕ ਟੁੱਟ ਚੁੱਕਾ ਹੈ।

ਵਿਕਾਸ ਕਾਰਜਾਂ ਨੇ ਵੀ ਨਕਸਲ ਪ੍ਰਭਾਵਿਤ ਖੇਤਰਾਂ ਦੀ ਤਸਵੀਰ ਬਦਲ ਦਿੱਤੀ ਹੈ। ਸਰਕਾਰ ਦੀ *÷ਕਲੀਅਰ, ਹੋਲਡ ਐਂਡ ਡਿਵੈਲਪ÷* ਰਣਨੀਤੀ ਤਹਿਤ ਸੁਰੱਖਿਆ ਦੇ ਨਾਲ-ਨਾਲ ਬੁਨਿਆਦੀ ਸਹੂਲਤਾਂ ਦਾ ਤੇਜ਼ੀ ਨਾਲ ਵਿਸਤਾਰ ਹੋਇਆ ਹੈ।

ਪਿਛਲੇ ਕੁਝ ਸਾਲਾਂ ਵਿੱਚ 8,300 ਕਿਲੋਮੀਟਰ ਤੋਂ ਵੱਧ ਨਵੀਆਂ ਸੜਕਾਂ ਬਣਾਈਆਂ ਗਈਆਂ ਹਨ, ਜਦੋਂ ਕਿ 2014 ਤੋਂ ਹੁਣ ਤੱਕ ਕੁੱਲ 14,618 ਕਿਲੋਮੀਟਰ ਸੜਕਾਂ ਦਾ ਨਿਰਮਾਣ ਹੋਇਆ ਹੈ। ਦੂਰਸੰਚਾਰ ਖੇਤਰ ਵਿੱਚ ਵੀ ਸ਼ਾਨਦਾਰ ਪ੍ਰਗਤੀ ਹੋਈ ਹੈ — 7,768 ਮੋਬਾਈਲ ਟਾਵਰ ਸਥਾਪਿਤ ਕੀਤੇ ਗਏ ਹਨ, ਜਿਸ ਨਾਲ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ 47 ਕਨੈਕਟੀਵਿਟੀ ਪਹੁੰਚੀ ਹੈ।

ਬੈਂਕਿੰਗ ਸੇਵਾਵਾਂ ਦਾ ਵਿਸਤਾਰ ਕਰਦੇ ਹੋਏ 1,007 ਨਵੀਆਂ ਬੈਂਕ ਸ਼ਾਖਾਵਾਂ ਅਤੇ 937 ਏ.ਟੀ.ਐਮ. ਖੋਲ੍ਹੇ ਗਏ ਹਨ। ਨਾਲ ਹੀ ਹਜ਼ਾਰਾਂ ਬੈਂਕਿੰਗ ਕਾਰਸਪੋਂਡੈਂਟ ਪਿੰਡ-ਪਿੰਡ ਸੇਵਾਵਾਂ ਦੇ ਰਹੇ ਹਨ। ਸਿੱਖਿਆ ਦੇ ਖੇਤਰ ਵਿੱਚ 95 ਇਕਲਵਿਆ ਮਾਡਲ ਰਿਹਾਇਸ਼ੀ ਸਕੂਲ, 46 ਆਈ.ਟੀ.ਆਈ. ਅਤੇ 49 ਹੁਨਰ ਵਿਕਾਸ ਕੇਂਦਰ ਸਥਾਪਿਤ ਕੀਤੇ ਗਏ ਹਨ। ਸਿਹਤ ਸੇਵਾਵਾਂ ਤਹਿਤ 186 ਨਵੇਂ ਪ੍ਰਾਇਮਰੀ ਸਿਹਤ ਕੇਂਦਰ ਖੋਲ੍ਹੇ ਗਏ ਹਨ। ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਹਜ਼ਾਰਾਂ ਪੱਕੇ ਘਰ ਬਣਾਏ ਗਏ ਹਨ, ਜਿਸ ਨਾਲ ਆਦਿਵਾਸੀ ਖੇਤਰਾਂ ਵਿੱਚ ਲੋਕਾਂ ਦਾ ਜੀਵਨ ਪੱਧਰ ਬਿਹਤਰ ਹੋਇਆ ਹੈ। ਉੱਥੇ ਹੀ 596 ਆਧੁਨਿਕ ਪੁਲਿਸ ਥਾਣੇ ਸਥਾਪਿਤ ਕਰਕੇ ਸੁਰੱਖਿਆ ਵਿਵਸਥਾ ਨੂੰ ਮਜ਼ਬੂਤ ਕੀਤਾ ਗਿਆ ਹੈ। ਸੁਰੱਖਿਆ ਮੁਹਿੰਮਾਂ ਵਿੱਚ ਵੀ ਵੱਡਾ ਬਦਲਾਅ ਆਇਆ ਹੈ। ਸਰਕਾਰ ਨੇ ਸੁਰੱਖਿਆ ਬਲਾਂ ਨੂੰ ਪੂਰੀ ਸੰਚਾਲਨ ਸੁਤੰਤਰਤਾ ਦਿੱਤੀ ਹੈ, ਜਿਸ ਨਾਲ ਤੁਰੰਤ ਅਤੇ ਪ੍ਰਭਾਵਸ਼ਾਲੀ ਕਾਰਵਾਈ ਸੰਭਵ ਹੋ ਸਕੀ ਹੈ। ਮਲਟੀ-ਏਜੰਸੀ ਤਾਲਮੇਲ, ਆਧੁਨਿਕ ਤਕਨੀਕ, ਡਰੋਨ ਨਿਗਰਾਨੀ ਅਤੇ ਖੁਫੀਆ ਨੈੱਟਵਰਕ ਕਾਰਨ ਨਕਸਲੀ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਦੂਜੇ ਪਾਸੇ, ਐਨ.ਆਈ.ਏ. ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (54) ਵਰਗੀਆਂ ਏਜੰਸੀਆਂ ਨੇ ਨਕਸਲੀਆਂ ਦੀ ਫੰਡਿੰਗ 'ਤੇ ਕਰਾਰੀ ਚੋਟ ਕੀਤੀ ਹੈ। ਹਥਿਆਰਾਂ ਦੀ ਸਪਲਾਈ ਅਤੇ ਵਿੱਤੀ ਨੈੱਟਵਰਕ ਨੂੰ ਕਾਫੀ ਹੱਦ ਤੱਕ ਤਬਾਹ ਕਰ ਦਿੱਤਾ ਗਿਆ ਹੈ। ਅੱਜ ਜਦੋਂ ਨਕਸਲ ਹਿੰਸਾ ਸਿਮਟ ਰਹੀ ਹੈ ਅਤੇ ਆਤਮ-ਸਮਰਪਣ ਦੇ ਅੰਕੜੇ ਵਧ ਰਹੇ ਹਨ, ਤਾਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਦੇਸ਼ ਨਕਸਲਵਾਦ ਦੇ ਅੰਤ ਵੱਲ ਵਧ ਰਿਹਾ ਹੈ ਅਤੇ ਇਸ ਤਬਦੀਲੀ ਦੇ ਕੇਂਦਰ ਵਿੱਚ ਹੈ ਇੱਕ ਸਪੱਸ਼ਟ ਦ੍ਰਿਸ਼ਟੀਕੋਣ, ਮਜ਼ਬੂਤ ਇੱਛਾ ਸ਼ਕਤੀ ਅਤੇ ਠੋਸ ਰਣਨੀਤਕ ਅਗਵਾਈ।

ਲੇਖਕ ਸੀ.ਆਰ.ਪੀ.ਐਫ. ਵਿੱਚ ਆਈ.ਜੀ. ਰਹਿ ਚੁੱਕੇ ਹਨ

# ਕੈਨੇਡਾ ਵਿੱਚ ਪਗੜੀ ਸੰਘਰਸ਼ ਦਾ ਹੀਰੋ ਅਵਤਾਰ ਸਿੰਘ ਢਿੱਲੋਂ



31 ਮਾਰਚ ਨੂੰ ਅਜੀਤ ਵਿੱਚ ਖਬਰ ਛਪੀ ਹੈ ਕਿ ਕੈਨੇਡਾ ਦੀ ਅਲਬਰਟਾ ਸਟੇਟ ਵਿੱਚ ਦਸਤਾਰਧਾਰੀ ਸਿੱਖਾਂ ਨੂੰ ਮੋਟਰਸਾਇਕਲ ਚਲਾਉਣ ਸਮੇਂ ਹੈਲਮਟ ਤੋਂ ਛੋਟ ਦੇਣ ਲਈ ਕਾਨੂੰਨ ਪਾਸ ਹੋ ਗਿਆ ਹੈ। ਅਲਬਰਟਾ ਤੋਂ ਇਲਾਵਾ ਸਿੱਖਾਂ ਨੂੰ ਇਹ ਛੋਟ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਅਤੇ ਮੈਨੀਟੋਬਾ ਸੂਬੇ ਵਿੱਚ ਪ੍ਰਾਪਤ ਹੈ। ਸਿੱਖਾਂ ਨੇ ਦੇਸ਼-ਵਿਦੇਸ਼ ਵਿੱਚ ਪਗੜੀ ਖਾਤਰ ਬਹੁਤ ਸੰਘਰਸ਼ ਕੀਤੇ ਹਨ। ਪਹਿਲੀ ਅਤੇ ਦੂਸਰੀ ਸੰਸਾਰ ਜੰਗ ਵਿੱਚ ਸਿੱਖਾਂ ਨੇ ਹੈਲਮਟ ਪਾਉਣ ਦੀ ਬਜਾਏ ਬ੍ਰਿਟਿਸ਼ ਸਰਕਾਰ ਨੂੰ ਲਿਖ ਕੇ ਦੇ ਦਿੱਤਾ ਸੀ ਕਿ ਜੇ ਅਸੀਂ ਸਿਰ ਵਿੱਚ ਗੋਲੀ ਲੱਗ ਕੇ ਮਰੇ ਤਾਂ ਬੇਸ਼ੱਕ ਸਾਡੇ ਪਰਿਵਾਰ ਨੂੰ ਪੈਨਸ਼ਨ ਨਾ ਦਿੱਤੀ ਜਾਵੇ। ਇਸੇ ਤਰਾਂ ਕੈਨੇਡਾ ਵਿੱਚ ਵੀ ਪਗੜੀ 'ਤੇ ਕਈ ਤਰਾਂ ਦੀਆਂ ਪਾਬੰਦੀਆਂ ਸਨ। ਇਹਨਾਂ ਪਾਬੰਦੀਆਂ ਦੇ ਖਿਲਾਫ ਸੰਘਰਸ਼ ਦੀ ਦਾਸਤਾਨ ਇਸ ਤਰਾਂ ਹੈ।

ਅਸਲ ਵਿੱਚ ਇਸ ਲੜਾਈ ਵਿੱਚ ਸਭ ਤੋਂ ਪਹਿਲੀ ਜਿੱਤ ਅਵਤਾਰ ਸਿੰਘ ਢਿੱਲੋਂ ਨੇ ਪ੍ਰਾਪਤ ਕੀਤੀ ਸੀ। ਅਵਤਾਰ ਸਿੰਘ ਢਿੱਲੋਂ ਨੇ ਕੈਨੇਡੀਅਨ ਸੂਬੇ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਵਿੱਚ 22 ਸਾਲ ਲੜਾਈ ਲੜ ਕੇ ਪਗੜੀਧਾਰੀ ਸਿੱਖਾਂ ਵਾਸਤੇ ਬਿਨਾਂ ਹੈਲਮੇਟ ਮੋਟਰ ਸਾਇਕਲ ਚਲਾਉਣ ਦਾ ਕਾਨੂੰਨ ਪਾਸ ਕਰਵਾਇਆ ਸੀ। ਢਿੱਲੋਂ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਜਾਰਾ ਢੀਂਗਰੀਆਂ ਵਿੱਚ ਹੋਇਆ ਸੀ। ਉਸ ਦੀ ਮਾਤਾ ਦਾ ਨਾਮ ਚੰਨਣ ਕੌਰ ਤੇ ਬਾਪ ਦਾ ਨਾਮ ਨਿਰੰਜਣ ਸਿੰਘ ਢਿੱਲੋਂ ਹੈ। ਉਹ ਆਪਣੇ ਦਾਦੇ ਗੁਲਜਾਰਾ ਸਿੰਘ ਢਿੱਲੋਂ ਤੋਂ ਬਹੁਤ ਪ੍ਰਭਾਵਿਤ ਹੈ ਜਿਸ ਨੇ ਪਗੜੀ ਪਹਿਨ ਕੇ ਅੰਗਰੇਜ਼ਾਂ ਵੱਲੋਂ ਪਹਿਲੀ ਸੰਸਾਰ ਯੁੱਧ ਵਿੱਚ ਹਿੱਸਾ ਲਿਆ ਸੀ। ਢਿੱਲੋਂ ਨਵੰਬਰ 1970 ਵਿੱਚ ਕੈਨੇਡਾ ਪ੍ਰਵਾਸ ਕਰ ਗਿਆ ਤੇ 1971 ਵਿੱਚ ਉਸ ਨੇ ਅੰਮ੍ਰਿਤ ਛੱਕ ਲਿਆ। ਉਸੇ ਸਾਲ ਉਹ ਰੋਜ਼ਗਾਰ ਦੀ ਭਾਲ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਫੋਰਟ ਸੇਂਟ ਜੇਮਸ ਸ਼ਹਿਰ ਚਲਾ ਗਿਆ। ਪਹਿਲੀ ਨੌਕਰੀ ਵਿੱਚ ਹੀ ਉਸ ਦਾ ਕੰਪਨੀ ਨਾਲ ਹੈਲਮਟ ਪਾਉਣ ਤੋਂ ਪੰਗਾ ਪੈ ਗਿਆ। ਹੈਲਮਟ ਪਹਿਨਣ ਦੀ ਬਜਾਏ ਉਸ ਨੇ ਨੌਕਰੀ ਤੋਂ ਅਸਤੀਫਾ ਦੇਣਾ ਠੀਕ ਸਮਝਿਆ। ਕਈ ਛੋਟੀਆਂ ਮੋਟੀਆਂ ਨੌਕਰੀਆਂ ਕਰਨ ਤੋਂ ਬਾਅਦ ਉਹ 1974 ਵਿੱਚ ਵੈਨਕੂਵਰ ਆ ਗਿਆ ਤੇ ਜੁਲਾਈ 1974 ਨੂੰ ਇੱਕ ਨਾਮੀ ਸੀਮੈਂਟ ਕੰਪਨੀ ਵਿੱਚ ਟਰੱਕ ਡਰਾਈਵਰ ਦੀ ਵਧੀਆ ਤਨਖਾਹ ਵਾਲੀ ਨੌਕਰੀ ਮਿਲ ਗਈ। ਪਰ ਸਰਕਾਰੀ ਹੁਕਮ ਮੁਤਾਬਕ ਕੰਮ 'ਤੇ ਹੈਲਮਟ ਪਾਉਣਾ ਲਾਜ਼ਮੀ ਸੀ। ਢਿੱਲੋਂ ਉਸ ਵੇਲੇ ਕਮਾਈ ਕਰਨ ਵਾਲਾ ਘਰ ਦਾ ਇਕੱਲਾ ਮੈਂਬਰ ਸੀ, ਫਿਰ ਵੀ ਨੌਕਰੀ ਗਵਾ ਲੈਣ ਦੇ ਖਤਰੇ ਦੇ ਬਾਵਜੂਦ ਉਹ ਹੈਲਮੇਟ ਤੋਂ ਬਗੈਰ ਨੌਕਰੀ ਕਰਦਾ ਰਿਹਾ। ਕਈ ਵਾਰ ਚੇਤਾਵਨੀ ਦੇਣ ਤੋਂ ਬਾਅਦ ਉਸ ਨੂੰ ਆਖਰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ। ਕੈਨੇਡਾ ਵਿੱਚ ਜੇ ਕੋਈ ਵਰਕਰ ਹੈਲਮੇਟ ਤੋਂ ਬਗੈਰ ਕੰਮ ਕਰਦਾ ਸਰੀਰਕ ਨੁਕਸਾਨ ਖਾ ਜਾਵੇ ਤਾਂ ਕੰਪਨੀ ਨੂੰ ਭਾਰੀ ਜੁਰਮਾਨੇ ਲੱਗਦੇ ਹਨ। ਉਸ ਦੇ ਮਿਹਨਤੀ ਸੁਭਾਅ ਨੂੰ ਵੇਖਦੇ ਹੋਏ ਕੰਪਨੀ ਨੇ ਲਿਖ ਕੇ ਦਿੱਤਾ ਕਿ ਜੇ ਉਹ ਹੈਲਮੇਟ ਪਹਿਨ ਲਵੇ ਜਾਂ ਵਰਕਰ ਕੰਪਨਸੇਸ਼ਨ ਬੋਰਡ ਤੋਂ ਹੈਲਮੇਟ ਦੀ ਛੋਟ ਲੈ ਲਵੇ ਤਾਂ ਨੌਕਰੀ ਦੁਬਾਰਾ ਬਹਾਲ ਕਰ ਦਿੱਤੀ ਜਾਵੇਗੀ।

ਢਿੱਲੋਂ ਨੇ ਹੈਲਮੇਟ ਪਹਿਨਣ ਦੀ ਬਜਾਏ ਕਾਨੂੰਨੀ ਲੜਾਈ ਲੜਨ ਦਾ ਫੈਸਲਾ ਕਰ ਲਿਆ। ਉਹ ਚਾਹੁੰਦਾ ਸੀ ਕਿ ਉਸ ਵਰਗੇ ਹੋਰ ਸਿੱਖਾਂ ਨੂੰ ਵੀ ਅਜਿਹੀ ਮੁਸ਼ਕਲ ਪੇਸ਼ ਨਾ ਆਵੇ। ਉਸ ਨੇ ਵੈਨਕੂਵਰ ਦੇ ਤਕਰੀਬਨ ਸਾਰੇ ਗੁਰਦਵਾਰਿਆਂ ਤੋਂ ਪਟੀਸ਼ਨਾਂ 'ਤੇ ਦਸਤਖਤ ਕਰਵਾਏ ਤੇ ਸਮਰਥਨ ਕਰਨ ਲਈ ਮਨਾਇਆ। ਸਾਰੀਆਂ ਪਟੀਸ਼ਨਾਂ ਲੈ ਕੇ ਉਸ ਨੇ ਉਸ ਵੇਲੇ ਦੇ ਬੀ.ਸੀ. ਦੇ ਲੇਬਰ ਮੰਤਰੀ ਅਤੇ ਮੁੱਖ ਮੰਤਰੀ ਨੂੰ ਚਿੱਠੀਆਂ ਲਿਖੀਆਂ ਕਿ ਸਿੱਖ ਦੀਆਂ ਧਾਰਮਿਕ ਭਾਵਨਾਵਾਂ ਨੂੰ ਸਾਹਮਣੇ ਰੱਖਦੇ ਹੋਏ ਹੈਲਮੇਟ ਕਾਨੂੰਨ ਬਦਲਿਆ ਜਾਵੇ। ਉਸ ਦੀ ਇਸ ਮੁਹਿੰਮ ਸਬੰਧੀ ਅਖਬਾਰਾਂ ਨੇ ਬੜੀ ਪ੍ਰਮੁੱਖਤਾ ਨਾਲ ਖਬਰਾਂ ਛਾਪੀਆਂ। ਗੁਰਦਵਾਰਾ ਅਕਾਲੀ ਸਿੰਘ ਟੈਂਪਲ ਵਿੱਚ ਹੋਈ ਮੀਟਿੰਗ ਵਿੱਚ ਸਿੱਖ ਸਮਾਜ ਨੇ ਫੈਸਲਾ ਕੀਤਾ ਕਿ ਢਿੱਲੋਂ ਅਤੇ ਸਿੱਖ ਸਮਾਚਾਰ ਅਖਬਾਰ ਦਾ ਬੋਰਡ ਇਸ ਕੇਸ ਨੂੰ ਅੱਗੇ ਵਧਾਵੇ ਤੇ ਸਾਰਾ ਸਮਾਜ ਜਥਾ ਸ਼ਕਤੀ ਆਰਥਿਕ, ਧਾਰਮਿਕ ਤੇ ਇਖਲਾਕੀ ਮਦਦ ਦੇਵੇ। ਬੋਰਡ ਵੱਲੋਂ 1 ਅਪਰੈਲ 1976 ਨੂੰ ਲੇਬਰ ਮੰਤਰੀ ਐਲਨ ਵਿਲੀਅਮਜ਼ ਨੂੰ ਚਿੱਠੀ ਲਿਖੀ ਗਈ ਕਿ ਪਗੜੀ ਸਿੱਖ ਧਰਮ ਦਾ ਅਟੁੱਟ ਅੰਗ ਹੈ ਤੇ ਇਹ ਸਿਰ ਨੂੰ ਜਰੂਰੀ ਸੁਰੱਖਿਆ ਵੀ ਪ੍ਰਦਾਨ ਕਰਦੀ ਹੈ। ਜੂਨ 1977 ਨੂੰ ਦੁਬਾਰਾ ਚਿੱਠੀ ਲਿਖੀ ਗਈ। 20 ਜੁਲਾਈ 1977 ਨੂੰ ਮੰਤਰਾਲੇ ਤੋਂ ਕੋਰਾ ਜਵਾਬ ਆਇਆ ਕਿ ਪਗੜੀ ਸੁਰੱਖਿਅਤ ਨਹੀਂ ਹੈ ਤੇ ਇਹ ਹੈਲਮੈਟ ਦਾ ਸਥਾਨ ਨਹੀਂ ਲੈ ਸਕਦੀ।

ਪਰ ਢਿੱਲੋਂ ਇਹਨਾਂ ਅਸਫਲਤਾਵਾਂ ਨਾਲ ਨਿਰਉਤਸ਼ਾਹਿਤ ਨਹੀਂ ਹੋਇਆ। ਉਸ ਨੇ ਸੋਚਿਆ ਕਿ ਕੰਮ ਵਾਲੀ ਜਗ੍ਹਾ ਤੇ ਹੈਲਮੈਟ ਤੋਂ ਛੋਟ ਲੈਣ ਤੋਂ ਪਹਿਲਾਂ ਜੇ ਮੋਟਰ ਸਾਇਕਲ ਚਲਾਉਣ ਵੇਲੇ ਪਗੜੀ ਪਹਿਨਣ ਦੀ ਆਗਿਆ ਲੈ ਲਈ ਜਾਵੇ ਤਾਂ ਰਾਹ ਕੁਝ ਅਸਾਨ ਹੋ ਜਾਵੇਗਾ। ਇਸ ਲਈ ਉਹ ਅਗਸਤ 1977 ਵਿੱਚ ਆਵਾਜਾਈ ਵਿਭਾਗ ਕੋਲ ਗਿਆ ਕਿ ਉਸ ਦਾ ਪਗੜੀ ਪਹਿਨ ਕੇ ਮੋਟਰ ਸਾਇਕਲ ਰੋਡ ਟੈਸਟ ਲਿਆ ਜਾਵੇ। ਵਿਭਾਗ ਨੇ ਉਸ ਦਾ ਹੈਲਮੈਟ ਤੋਂ ਬਗੈਰ ਟੈਸਟ ਲੈਣ ਤੋਂ ਇਨਕਾਰ ਕਰ ਦਿੱਤਾ। ਢਿੱਲੋਂ ਨੇ ਇਸ ਦੇ ਖਿਲਾਫ ਬੀ.ਸੀ. ਦੇ ਟਰਾਂਸਪੋਰਟ ਮੰਤਰਾਲੇ ਅਤੇ ਹਿਊਮਨ ਰਾਈਟਸ ਕਮਿਸ਼ਨ ਕੋਲ ਅਪੀਲ ਕੀਤੀ ਜੋ ਖਾਰਜ਼ ਕਰ ਦਿੱਤੀ ਗਈ। ਪਰ ਢਿੱਲੋਂ ਥੱਕ ਕੇ ਬੈਠ ਜਾਣ ਵਾਲਾ ਇਨਸਾਨ ਨਹੀਂ ਸੀ। ਉਸ ਨੇ 23 ਅਕਤੂਬਰ 1980 ਨੂੰ ਪੁਲਿਸ ਨੂੰ ਜਾਣ ਬੁੱਝ ਕੇ ਫੋਨ ਕੀਤਾ ਕਿ ਇੱਕ ਵਿਅਕਤੀ ਫਲਾਣੀ ਸੜਕ 'ਤੇ ਬਗੈਰ ਹੈਲਮੈਟ ਬਾਈਕ ਚਲਾ ਰਿਹਾ ਹੈ। ਆਪ ਉਹ ਪਗੜੀ ਬੰਨ੍ਹ ਕੇ ਬਾਈਕ ਲੈ ਕੇ ਰੋਡ ਨੰ. 3 ਰਿਚਮੰਡ ਚਲਾ ਗਿਆ ਤੇ ਉਦੋਂ ਤੱਕ ਬਾਈਕ ਚਲਾਉਂਦਾ ਰਿਹਾ ਜਦ ਤੱਕ ਉਸ ਦਾ ਬਿਨਾਂ ਹੈਲਮੈਟ ਚਲਾਨ ਨਾ ਕਰ ਦਿੱਤਾ ਗਿਆ। ਢਿੱਲੋਂ ਨੇ ਚਲਾਨ ਦੇ ਖਿਲਾਫ ਅਦਾਲਤ ਵਿੱਚ ਅਪੀਲ ਪਾ ਦਿੱਤੀ। ਮੁਕੱਦਮੇ ਦੌਰਾਨ ਜੱਜ ਨੂੰ ਪਗੜੀ ਦੀ ਸਿੱਖ ਇਤਿਹਾਸ ਵਿੱਚ ਮਹੱਤਤਾ ਬਾਰੇ ਦੱਸਿਆ ਗਿਆ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚਿੱਠੀਆਂ ਪੇਸ਼ ਕੀਤੀਆਂ ਗਈਆਂ ਤੇ ਇੰਗਲੈਂਡ ਵਿੱਚ ਸਿੱਖਾਂ ਨੂੰ 1976 ਵਿੱਚ ਬਗੈਰ ਹੈਲਮੈਟ ਮਿਲੀ ਮੋਟਰ ਸਾਇਕਲ ਦੀ ਆਗਿਆ ਦੇ ਆਰਡਰ ਪੇਸ਼ ਕੀਤੇ ਗਏ। ਦਲੀਲਾਂ ਸੁਣਨ ਤੋਂ ਬਾਅਦ ਜੱਜ ਨੇ ਚਲਾਨ ਤਾਂ ਮਾਫ ਕਰ ਦਿੱਤਾ ਪਰ ਢਿੱਲੋਂ 'ਤੇ ਬਗੈਰ ਹੈਲਮੈਟ ਬਾਈਕ ਚਲਾਉਣ ਦੀ ਪਾਬੰਦੀ ਲਗਾ ਦਿੱਤੀ। ਇਹ ਪਗੜੀ ਮਸਲੇ ਵਿੱਚ ਭਾਵੇਂ ਛੋਟੀ ਪਰ ਪਹਿਲੀ ਜਿੱਤ ਪ੍ਰਾਪਤ ਹੋਈ। ਜੱਜ ਨੇ ਢਿੱਲੋਂ ਨੂੰ ਫੈਸਲੇ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਅਪੀਲ ਕਰਨ ਦੀ ਆਗਿਆ ਦੇ ਦਿੱਤੀ। ਸੁਪਰੀਮ ਕੋਰਟ ਵਿੱਚ ਸੁਣਵਾਈ ਦੀ ਤਾਰੀਖ 21 ਸਤੰਬਰ 1984 ਨੀਯਤ ਹੋਈ। ਵਕੀਲ ਦੀ ਗਲਤ ਸਲਾਹ ਕਾਰਨ ਅਪੀਲ ਵਾਪਸ ਲੈ ਲਈ ਗਈ।

8 ਅਕਤੂਬਰ 1986 ਨੂੰ ਸੁਪਰੀਮ ਕੋਰਟ ਨੇ ਇੱਕ ਹੋਰ ਮੋਟਰ ਸਾਇਕਲ ਪ੍ਰੇਮੀ ਲੈਰੀ ਸਟੋਨ ਦੀ ਅਪੀਲ 'ਤੇ ਉਸ ਨੂੰ ਬਗੈਰ ਹੈਲਮੈਟ ਬਾਈਕ ਚਲਾਉਣ ਦੀ ਆਗਿਆ ਦੇ ਦਿੱਤੀ। ਜਿਸ ਦੇ ਨਤੀਜੇ ਵਜੋਂ ਕੁਝ ਦੇਰ ਲਈ ਕਾਨੂੰਨ ਵੀ ਬਦਲ ਦਿੱਤਾ ਗਿਆ। ਇਸ ਸਮੇਂ ਦੌਰਾਨ ਢਿੱਲੋਂ ਨੇ ਦੁਬਾਰਾ ਰੋਡ ਟੈਸਟ ਦੇਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਕਿਹਾ ਗਿਆ ਕਿ ਬਿਨਾਂ ਹੈਲਮੈਟ ਮੋਟਰ ਸਾਇਕਲ ਚਲਾਉਣ ਦੀ ਆਗਿਆ ਮਿਲੀ ਹੈ, ਟੈਸਟ ਦੇਣ ਦੀ ਨਹੀਂ। ਕੁਝ ਚਿਰ ਬਾਅਦ ਅਪੀਲ ਕਰਨ 'ਤੇ ਸਰਕਾਰ ਕੇਸ ਜਿੱਤ ਗਈ ਤੇ ਹੈਲਮੈਟ ਦੁਬਾਰਾ ਲਾਗੂ ਹੋ ਗਿਆ। 1994 ਵਿੱਚ ਉਸ ਨੇ ਦੁਬਾਰਾ ਕੋਸ਼ਿਸ਼ ਕੀਤੀ ਤੇ ਮੁੱਖ ਮੰਤਰੀ ਮਾਈਕ ਹਾਰਕੋਟ ਨੂੰ ਵੀ ਲਿਖਿਆ ਪਰ ਗੱਲ ਨਾ ਬਣੀ। ਇਸ ਆਖਰੀ ਹੱਲੇ ਤੋਂ ਬਾਅਦ ਢਿੱਲੋਂ ਨੇ ਹੁਣ ਤੱਕ ਦਾ ਸਾਰਾ ਰਿਕਾਰਡ ਨਾਲ ਲਗਾ ਕੇ 17 ਫਰਵਰੀ 1995 ਨੂੰ ਬੀ.ਸੀ. ਦੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਅਪੀਲ ਪਾ ਦਿੱਤੀ। ਅਪੀਲ ਦਾਖਲ ਹੋ ਗਈ ਤਾਂ ਢਿੱਲੋਂ ਨੂੰ ਕੁਝ ਹੌਂਸਲਾ ਹੋ ਗਿਆ ਕਿ ਹੁਣ ਮਾਮਲਾ ਹੰਨੇ ਜਾਂ ਬੰਨੇ ਹੋ ਜਾਵੇਗਾ। ਕੇਸ ਦਾਖਲ ਹੋਣ 'ਤੇ ਸਿੱਖ ਸਮਾਜ ਵੱਲੋਂ ਢਿੱਲੋਂ ਨੂੰ ਬੇਮਿਸਾਲ ਹੁੰਗਾਰਾ ਮਿਲਣਾ ਸ਼ੁਰੂ ਹੋ ਗਿਆ। ਉਸ ਦੀ ਮਦਦ ਲਈ ਇੱਕ ਕਮੇਟੀ ਬਣਾ ਦਿੱਤੀ ਗਈ ਤੇ ਮਸ਼ਹੂਰ ਵਕੀਲਾਂ ਅਲੈਕਸ ਡੈਨਟਜ਼ਰ ਤੇ ਡੀ.ਏ. ਬੌਏਡ ਦੀਆਂ ਸੇਵਾਵਾਂ ਹਾਸਲ ਕੀਤੀਆਂ ਗਈਆਂ। ਜਿਸ ਵੀ ਦੇਸ਼ ਵਿੱਚ ਸਿੱਖਾਂ ਨੂੰ ਪਗੜੀ ਬੰਨ੍ਹ ਕੇ ਮੋਟਰ ਸਾਇਕਲ ਚਲਾਉਣ ਦੀ ਆਗਿਆ ਸੀ, ਉਥੋਂ ਹੀ ਰਿਕਾਰਡ ਇਕੱਠਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਨੇ ਸਿੱਖ ਧਰਮ ਵਿੱਚ ਪੱਗ ਦੀ ਮਹੱਤਤਾ ਬਾਰੇ ਵਿਸਤਾਰ ਪੂਰਵਕ ਲਿਖ ਕੇ ਭੇਜਿਆ। ਅਵਤਾਰ ਸਿੰਘ ਢਿੱਲੋਂ ਬਨਾਮ ਮਨਿਸਟਰੀ ਆਫ ਟਰਾਂਸਪੇਟੇਸ਼ਨ ਐਂਡ ਹਾਈਵੇਜ਼ ਕੇਸ ਐਨਾ ਮਸ਼ਹੂਰ ਹੋ ਗਿਆ ਕਿ ਹਰ ਪੇਸ਼ੀ 'ਤੇ ਹਜ਼ਾਰਾਂ ਲੋਕ ਸੁਣਨ ਲਈ ਆਉਂਦੇ। ਪੰਜਾਬੀਆਂ ਵੱਲੋ ਲੰਗਰ ਲਾਏ ਜਾਂਦੇ ਤੇ ਲੋਕਾਂ ਨੂੰ ਆਉਣ ਜਾਣ ਲਈ ਫਰੀ ਟਰਾਂਸਪੋਰਟ ਮੁਹੱਈਆ ਕਰਵਾਈ ਜਾਂਦੀ। ਪਹਿਲਾਂ ਕੇਸ ਦੀ ਸੁਣਵਾਈ ਵੈਨਕੂਵਰ ਆਰਟ ਗੈਲਰੀ ਵਿੱਚ ਹੁੰਦੀ ਸੀ, ਪਰ ਵਧਦੇ ਦਰਸ਼ਕਾਂ ਕਾਰਨ ਵੱਡੇ ਹਾਲ ਵਿੱਚ ਤਬਦੀਲ ਕਰਨੀ ਪਈ। ਕੇਸ ਦੀ ਸੁਣਵਾਈ ਕਮਿਸ਼ਨ ਦੀ ਚੇਅਰਪਰਸਨ ਬੀਬੀ ਫਰਾਂਸੇਸ ਗੋਰਡਨ ਨੇ ਕੀਤੀ। ਕੇਸ ਕਰੀਬ ਦੋ ਸਾਲ ਚੱਲਿਆ। ਸੈਂਕੜੇ ਗਵਾਹ ਤੇ ਹਜ਼ਾਰਾਂ ਦਸਤਾਵੇਜ਼ ਵਾਚੇ ਗਏ। ਅਖੀਰ 11 ਮਈ 1999 ਨੂੰ ਫੈਸਲਾ ਢਿੱਲੋਂ ਦੇ ਹੱਕ ਵਿੱਚ ਆ ਗਿਆ। ਕਮਿਸ਼ਨ ਨੇ ਮੰਨ ਲਿਆ ਕਿ ਢਿੱਲੋਂ ਨਾਲ ਧਰਮ ਦੇ ਅਧਾਰ 'ਤੇ ਵਿਤਕਰਾ ਕੀਤਾ ਗਿਆ ਹੈ। ਕਮਿਸ਼ਨ ਨੇ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੂੰ ਕਾਨੂੰਨ ਵਿੱਚ ਜਰੂਰੀ ਬਦਲਾਅ ਕਰਨ ਦਾ ਹੁਕਮ ਦਿੱਤਾ ਜੋ ਸਰਕਾਰ ਨੂੰ ਤੁਰੰਤ ਕਰਨਾ ਪਿਆ। ਇਸ ਹੁਕਮ ਮੁਤਾਬਿਕ ਬੀ.ਸੀ. ਵਿੱਚ ਹਰ ਉਸ ਵਿਅਕਤੀ ਨੂੰ ਬਿਨਾਂ ਹੈਲਮੈਟ ਮੋਟਰ ਸਾਇਕਲ ਚਲਾਉਣ ਦਾ ਅਧਿਕਾਰ ਹੈ ਜੋ ਸਿੱਖ ਧਰਮ ਨੂੰ ਮੰਨਦਾ ਹੋਵੇ, ਜਿਸ ਦੇ ਬਿਨਾਂ ਕੱਟੇ ਲੰਬੇ ਵਾਲ ਹੋਣ ਅਤੇ ਘੱਟੋ ਘੱਟ ਪੰਜ ਮੀਟਰ ਜਾਂ ਵੱਧ ਲੰਬਾਈ ਦੀ ਪਗੜੀ ਬੰਨ੍ਹਦਾ ਹੋਵੇ। ਢਿੱਲੋਂ ਕੈਨੇਡਾ ਵਿੱਚ ਪੰਜਾਬੀਆਂ ਦਾ ਹੀਰੋ ਬਣ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਉਸ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਅੱਜ ਉਸ ਦੇ 22 ਸਾਲਾਂ ਦੇ ਅਣਥੱਕ ਯਤਨਾਂ ਕਾਰਨ ਸਿੱਖ ਰੰਗ ਬਿਰੰਗੀਆਂ ਪਗੜੀਆਂ ਬੰਨ੍ਹ ਕੇ ਬੀ.ਸੀ. ਵਿੱਚ ਮੋਟਰ ਸਾਇਕਲ ਚਲਾਉਂਦੇ ਆਮ ਨਜ਼ਰ ਆਉਂਦੇ ਹਨ। ਉਹ ਸਾਰੇ ਕੈਨੇਡਾ ਦਾ ਰਾਹ ਦਸੇਰਾ ਬਣ ਗਿਆ। ਕਈ ਸੂਬਿਆਂ ਵਿੱਚ ਇਸ ਸਬੰਧੀ ਕੇਸ ਚੱਲ ਰਹੇ ਹਨ। ਮਿਨੀਟੋਬਾ ਸੂਬੇ ਵਿੱਚ ਵੀ ਅਜਿਹੀ ਆਗਿਆ ਮਿਲ ਗਈ।

ਬਲਤੇਜ ਸਿੰਘ ਢਿੱਲੋਂ :- ਕੈਨੇਡਾ ਵਿੱਚ ਹਰੇਕ ਸੂਬੇ ਅਤੇ ਸ਼ਹਿਰ ਦੀ ਆਪਣੀ ਅਲੱਗ ਪੁਲਿਸ ਫੋਰਸ ਹੁੰਦੀ ਹੈ। ਪਰ ਸਾਰੇ ਕੈਨੇਡਾ ਵਿੱਚ ਕਿਸੇ ਵੀ ਗੰਭੀਰ ਕੇਸ ਦੀ ਤਫਤੀਸ਼ ਕਰਨ ਦੀ ਤਾਕਤ ਸਿਰਫ ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ ਕੋਲ ਹਨ। ਇਹ ਕੈਨੇਡਾ ਦੀ ਨੈਸ਼ਨਲ ਤੇ ਸਭ ਤੋਂ ਸ਼ਕਤੀਸ਼ਾਲੀ ਪੁਲਿਸ ਫੋਰਸ ਹੈ ਤੇ ਅਮਰੀਕਾ ਦੀ ਐਫ.ਬੀ.ਆਈ ਵਾਂਗ ਕੰਮ ਕਰਦੀ ਹੈ। ਬਲਤੇਜ ਸਿੰਘ ਢਿੱਲੋਂ ਇਸ ਫੋਰਸ ਦਾ ਪਹਿਲਾ ਪਗੜੀਧਾਰੀ ਅਫਸਰ ਹੈ। ਉਸ ਦਾ ਜਨਮ 1966 ਵਿੱਚ ਮਲੇਸ਼ੀਆ ਵਿੱਚ ਹੋਇਆ ਤੇ 1982 ਵਿੱਚ ਪਰਿਵਾਰ ਸਮੇਤ ਕੈਨੇਡਾ ਪ੍ਰਵਾਸ ਕਰ ਗਿਆ। ਹਾਈ ਸਕੂਲ ਪਾਸ ਕਰਨ ਤੋਂ ਬਾਅਦ ਵਕੀਲ ਬਣਨ ਦੀ ਚਾਹਤ ਵਿੱਚ ਉਸ ਨੇ ਕ੍ਰੀਮੀਨੋਲੌਜੀ ਦੀ ਵਿਦਿਆ ਪ੍ਰਾਪਤ ਕੀਤੀ। ਉਹ ਸਕੂਲੀ ਸਮੇਂ ਤੋਂ ਹੀ ਵਲੰਟੀਅਰ ਦੇ ਤੌਰ 'ਤੇ ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ ਨਾਲ ਜੁੜਿਆ ਹੋਇਆ ਸੀ। ਜਦ ਉਹ ਭਰਤੀ ਹੋਣ ਲਈ ਗਿਆ ਤਾਂ ਸਾਰੇ ਟੈਸਟ ਪਾਸ ਕਰਨ ਬਾਵਜੂਦ ਉਸ ਦੀ ਪਗੜੀ 'ਤੇ ਇਤਰਾਜ਼ ਲਗਾ ਦਿੱਤਾ ਗਿਆ। ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ ਦੇ ਤਤਕਾਲੀ ਕਮਿਸ਼ਨਰ ਨਾਰਮਨ ਇੰਕਸਟਰ ਨੇ ਉਸ ਦਾ ਸਾਥ ਦਿੱਤਾ ਤੇ ਸਰਕਾਰ 'ਤੇ ਪਾਲਿਸੀ ਬਦਲਣ ਲਈ ਦਬਾਅ ਪਾਇਆ। ਢਿੱਲੋਂ ਦੀ ਬੇਨਤੀ ਨੇ ਬਹੁਤ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ। ਲੋਕਾਂ ਦਾ ਵਿਚਾਰ ਸੀ ਕਿ ਲੋਕਲ ਪੁਲਿਸ ਫੋਰਸਾਂ ਵਿੱਚ ਭਾਵੇਂ ਪਗੜੀਧਾਰੀ ਅਫਸਰ ਹਨ ਪਰ ਕੌਮੀ ਪੱਧਰ ਦੀ ਫੋਰਸ ਵਿੱਚ ਅਜਿਹੀ ਆਗਿਆ ਦੇਣ ਨਾਲ ਇਸ ਕੌਮੀ ਅਦਾਰੇ ਦਾ ਅਕਸ ਖਰਾਬ ਹੋ ਜਾਵੇਗਾ। ਇਸ ਦੇ ਖਿਲਾਫ ਵੱਡੇ ਪੱਧਰ 'ਤੇ ਲਹਿਰ ਚਲਾਈ ਗਈ ਤੇ ਡੇਢ ਲੱਖ ਲੋਕਾਂ ਨੇ ਪੱਗੜੀ ਦੇ ਖਿਲਾਫ ਦਸਤਖਤ ਕੀਤੇ। ਭਾਰੀ ਵਾਦ ਵਿਵਾਦ ਤੋਂ ਬਾਅਦ ਆਖਰ 16 ਮਾਰਚ 1990 ਨੂੰ ਪਗੜੀਧਾਰੀ ਸਿੱਖਾਂ ਨੂੰ ਰਾਇਲ ਕੈਨੇਡੀਅਨ ਪੁਲਿਸ ਵਿੱਚ ਭਰਤੀ ਕਰਨ ਦਾ ਐਲਾਨ ਪਾਰਲੀਮੈਂਟ ਵਿੱਚ ਸਾਲਿਸਟਰ ਜਨਰਲ ਪੀਅਰੀ ਕਾਡੀਅਕਸ ਨੇ ਕਰ ਦਿੱਤਾ। ਢਿੱਲੋਂ ਨੇ ਭਰਤੀ ਹੋਣ ਤੋਂ ਬਾਅਦ 1985 ਵਿੱਚ ਹੋਏ ਏਅਰ ਇੰਡੀਆ ਬੰਬ ਧਮਾਕੇ ਤੋਂ ਇਲਾਵਾ ਹੋਰ ਕਈ ਮਹੱਤਵਪੂਰਨ ਕੇਸਾਂ 'ਤੇ ਕੰਮ ਕੀਤਾ ਹੈ। ਢਿੱਲੋਂ ਇਸ ਵੇਲੇ ਸਟਾਫ ਸਾਰਜੈਂਟ ਦੇ ਅਹੁਦੇ 'ਤੇ ਪੁਲਿਸ ਦੀ ਪ੍ਰੋਵਿੰਸ਼ੀਅਲ ਇੰਟੈਲੀਜੈਂਸ ਬ੍ਰਿਟਿਸ਼ ਕੋਲੰਬੀਆ ਬ੍ਰਾਂਚ ਦੇ ਮੁਖੀ ਵਜੋਂ ਤਇਨਾਤ ਹੈ। ਉਹ ਆਪਣੀ ਮਾਂ, ਪਤਨੀ [illegible] ਬੱਚ[illegible] ਵਿੱਚ ਰਹਿ ਰਿਹਾ ਹੈ।

# ਬਾਦਲ ਸਪੈਸ਼ਲ ਚੂਰਨ



ਕਿਸੇ ਸੱਜਣ ਨੇ ਜਲੰਧਰ ਤੋਂ ਵਿਦੇਸ਼ ਜਾਣਾ ਸੀ। ਆਪਣੇ ਕਿਸੇ ਜਾਣੂੰ ਨੂੰ ਕੁਝ ਸਾਮਾਨ ਉਸ ਰਾਹੀਂ ਭੇਜਣ ਲਈ ਜਲੰਧਰ ਜਾਣਾ ਸੀ। ਮੁਹਾਲੀ ਤੋਂ ਬੱਸ ਵਿਚ ਬੈਠ ਗਿਆ। ਬੱਸ ਵੀ ਪੰਜਾਬ ਰੋਡਵੇਜ਼ ਦੀ ਨਵੀਂ ਨਕੋਰ। ਦੁੱਧ ਚਿੱਟਾ ਰੰਗ। ਅਜੇ ਕਈ ਸੀਟਾਂ ਤੋਂ ਮੋਮੀ ਕਾਗਜ਼ ਵੀ ਨਹੀਂ ਲੱਥਿਆ ਸੀ। ਬੱਸ ਨੇ ਬਟਾਲਾ ਜਾਣਾ ਸੀ। ਕੰਡਕਟਰ ਫੁਰਤੀ ਨਾਲ ਹੱਥ ਵਿਚ ਫੜੀ ਮਸ਼ੀਨ ਵਿਚੋਂ ਕਾਗਜ਼ ਕੱਢ ਕੇ ਸਵਾਰੀਆਂ ਨੂੰ ਟਿਕਟਾਂ ਫੜਾ ਰਿਹਾ ਸੀ। ਹੁਣ ਪਹਿਲਾਂ ਵਾਂਗ ਕਾਗਜ਼ਾਂ ਵਿਚ ਗਲੀਆਂ ਕੱਢੀਆਂ ਹੋਈਆਂ ਟਿਕਟਾਂ ਨਹੀਂ ਮਿਲਦੀਆਂ। ਬੱਸ ਮੁਹਾਲੀ ਦੇ ਨਵੇਂ ਬਣੇ ਬੱਸ ਅੱਡੇ ਵਿਚ ਨਹੀਂ ਗਈ ਸਗੋਂ ਬਾਹਰੋਂ ਹੀ ਖਰੜ ਨੂੰ ਰਵਾਨਾ ਹੋ ਗਈ। ਫਲਾਈਓਵਰ ਦਾ ਕੰਮ ਚੱਲਣ ਕਾਰਨ ਬੱਸ ਦੀ ਗਤੀ ਹੌਲੀ ਹੋ ਗਈ। ਖਰੜ ਤੋਂ ਅੱਗੇ ਸੜਕ ਖੁੱਲ੍ਹੀ ਹੋਣ ਕਾਰਨ ਬੱਸ ਨੇ ਤੇਜ਼ੀ ਫੜ ਲਈ। ਕਦੋਂ ਰੂਪਨਗਰ (ਰੋਪੜ) ਦਾ ਅੱਡਾ ਆ ਗਿਆ, ਪਤਾ ਹੀ ਨਾ ਲੱਗਿਆ। ਪਤਾ ਲੱਗਣਾ ਵੀ ਕਿਵੇਂ ਸੀ, ਕਿਸੇ ਵੀ ਸਰਕਾਰ ਨੇ ਨਾ ਖਰੜ ਤੇ ਨਾ ਹੀ ਕੁਰਾਲੀ ਵਿਚ ਬੱਸ ਅੱਡੇ ਬਣਾਏ। ਰੂਪਨਗਰ ਜਾ ਕੇ ਕੰਡਕਟਰ ਨੇ ਹੋਕਾ ਦਿੱਤਾ: 'ਭਾਈ ਬੱਸ ਦਸ ਮਿੰਟ ਖੜ੍ਹੇਗੀ, ਜੇ ਕਿਸੇ ਨੇ ਚਾਹ ਪਾਣੀ ਪੀਣਾ, ਪੀ ਲਵੇਂ'। ਮੈਂ ਵੀ ਲੱਤਾਂ ਸਿੱਧੀਆਂ ਕਰਨ ਲਈ ਬੱਸ ਤੋਂ ਹੇਠਾਂ ਉਤਰ ਆਇਆ। ਡਰਾਈਵਰ ਅਤੇ ਕੰਡਕਟਰ ਢਾਬੇ ਅੰਦਰ ਚਲੇ ਗਏ। ਕਈ ਸਵਾਰੀਆਂ ਬਾਹਰ ਖੜ੍ਹ ਕੇ ਚਾਹ ਪੀਣ ਲਗ ਪਈਆਂ। ਮੇਰੀ ਨਿਗ੍ਹਾ ਢਾਬੇ ਦੇ ਨਾਲ ਵਾਲੀ ਦੁਕਾਨ 'ਤੇ ਪਈ; ਹਿੰਦੀ ਵਿਚ ਲਿਖਿਆ ਸੀ: ਬਾਦਲ ਸਪੈਸ਼ਲ ਚੂਰਨ। ਕੋਲ ਜਾ ਕੇ ਦੇਖਿਆ ਤਾਂ ਹੱਟੀ ਵਿਚ ਤਰ੍ਹਾਂ ਤਰ੍ਹਾਂ ਦੀਆਂ ਪਲਾਸਟਿਕ ਦੀਆਂ ਸ਼ੀਸ਼ੀਆਂ ਜਿਹੀਆਂ ਪਈਆਂ ਸਨ। ਕਿਸੇ ਤੇ ਕਬਜ਼ ਦੂਰ ਕਰਨ ਵਾਲਾ ਬਾਦਲ ਚੂਰਨ, ਕਿਸੇ ਤੇ ਡਾਇਬਟੀਜ਼ ਕੇਅਰ ਚੂਰਨ, ਨਵੀਂ ਤੇ ਪੁਰਾਣੀ ਖਾਂਸੀ ਦੂਰ ਕਰਨ, ਸੁੱਕੀ ਤੇ ਬਲਗਮ ਵਾਲੀ ਖਾਂਸੀ, ਸਰਦੀ, ਨਜਲਾ, ਜ਼ੁਕਾਮ ਆਦਿ ਦੇ ਇਲਾਜ ਲਈ ਸਭ ਤੇ ਬਾਦਲ ਸਪੈਸ਼ਲ ਚੂਰਨ ਲਿਖਿਆ ਹੋਇਆ ਸੀ। ਸੋਚਿਆ, ਪੰਜਾਬ ਦੀ ਰਾਜਨੀਤੀ ਵਿਚ ਕਾਫੀ ਚਿਰ ਤੋਂ ਬਾਦਲ ਦੇ ਨਾਂ ਦਾ ਬੋਲਬਾਲਾ ਹੋਣ ਕਾਰਨ ਸ਼ਾਇਦ ਚੂਰਨ ਵੇਚਣ ਵਾਲੇ ਨੇ ਦੁਕਾਨਦਾਰੀ ਵਧਾਉਣ ਲਈ ਇਹ ਨਾਮ ਵਾਲਾ ਹੱਥਕੰਡਾ ਵਰਤਿਆ ਹੋਵੇ! ਥੋੜ੍ਹੀ ਦੇਰ ਮਗਰੋਂ ਡਰਾਈਵਰ ਕੰਡਕਟਰ ਢਾਬੇ ਵਿਚੋਂ ਨਿੱਕਲ ਕੇ ਬੱਸ ਵੱਲ ਤੁਰਨ ਲੱਗੇ। ਸਵਾਰੀਆਂ ਨੇ ਵੀ ਹੌਲੀ ਹੌਲੀ ਆਪਣੀਆਂ ਸੀਟਾਂ ਮੱਲਣੀਆਂ ਸ਼ੁਰੂ ਕਰ ਦਿੱਤੀਆਂ। ਅੱਡੇ ਨੂੰ ਅਲਵਿਦਾ ਆਖ ਬੱਸ ਜਲੰਧਰ ਦੇ ਰਾਹ ਪੈ ਗਈ। ਬੱਸ ਦੀ ਤੇਜ਼ ਰਫ਼ਤਾਰ ਨੇ ਛੇਤੀ ਹੀ ਨਵਾਂਸ਼ਹਿਰ ਪਹੁੰਚਾ ਦਿੱਤਾ। ਕੰਡਕਟਰ ਨੇ ਫੋਨ ਕੰਨ ਨੂੰ ਲਾਇਆ ਹੋਇਆ ਸੀ। ਜਦੋਂ ਬੱਸ ਦੀ ਰਫ਼ਤਾਰ ਥੋੜ੍ਹੀ ਘੱਟ ਹੋਈ ਤਾਂ ਇੱਕ ਨੌਜਵਾਨ ਮੂਹਰਲੀ ਬਾਰੀ ਥਾਣੀਂ ਅੰਦਰ ਆ ਗਿਆ। ਜਾਪਦਾ ਸੀ, ਜਿਵੇਂ ਡਰਾਈਵਰ ਨੇ ਉਸ ਨੂੰ ਚੜ੍ਹਾਉਣ ਲਈ ਹੀ ਬੱਸ ਹੌਲੀ ਕੀਤੀ ਹੋਵੇ। ਫਾਟਕ ਟੱਪਦੇ ਸਾਰ ਕੰਡਕਟਰ ਨੇ ਡਰਾਈਵਰ ਵਾਲੀ ਸੀਟ ਦੇ ਨੇੜੇ ਬਣੇ ਕੈਬਿਨ ਵਿਚੋਂ ਪੈਕ ਕੀਤਾ ਡੱਬਾ ਉਸ ਨੌਜਵਾਨ ਨੂੰ ਦੇ ਦਿੱਤਾ ਤੇ ਉਸ ਕੋਲੋਂ ਮਿਲੇ ਪੈਸੇ ਜੇਬ ਵਿਚ ਪਾ ਲਏ। ਮੈਂ ਡਰਾਈਵਰ ਸੀਟ ਦੇ ਪਿੱਛੇ ਬੈਠਾ ਇਹ ਸਭ ਦੇਖ ਰਿਹਾ ਸੀ। ਥੋੜ੍ਹੀ ਦੇਰ ਮਗਰੋਂ ਬੱਸ ਦੀ ਰਫ਼ਤਾਰ ਫਿਰ ਘਟੀ ਅਤੇ ਉਹ ਨੌਜਵਾਨ ਆਰਾਮ ਨਾਲ ਥੱਲੇ ਉਤਰ ਗਿਆ। ਬੱਸ ਨੇ ਫਿਰ ਚਾਲ ਫੜ ਲਈ। ਫਗਵਾੜੇ ਦੇ ਅੱਡੇ ਅੰਦਰ ਬੱਸ ਨਹੀਂ ਗਈ, ਬਾਹਰੋ ਬਾਹਰ ਜਲੰਧਰ ਦੇ ਰਾਹ ਪੈ ਗਈ। ਬੱਸ ਜਲੰਧਰ ਦੇ ਅੱਡੇ ਵਿਚ ਪਹੁੰਚ ਗਈ। ਮੈਂ ਵੀ ਹੇਠਾਂ ਉਤਰਨ ਦੀ ਤਿਆਰੀ ਕਰਨ ਲੱਗ ਪਿਆ। ਹੇਠਾਂ ਉਤਰ ਕੇ ਮੈਂ ਕੰਡਕਟਰ ਨੂੰ ਨਵਾਂਸ਼ਹਿਰ ਵਿਚ ਨੌਜਵਾਨ ਨੂੰ ਸਾਮਾਨ ਫੜਾਉਣ ਬਾਰੇ ਪੁੱਛਣ ਲੱਗ ਪਿਆ। ਉਹ ਆਖਣ ਲੱਗਿਆ: 'ਕਿਸੇ ਨੇ ਸਾਮਾਨ ਇਧਰ ਉਧਰ ਪਹੁੰਚਾਉਣਾ ਹੋਵੇ ਤਾਂ ਅਸੀਂ ਪਹੁੰਚਾ ਦਿੰਦੇ ਹਾਂ'। ਉਹ ਗੱਲਾਂ ਕਰਦਾ ਕਰਦਾ ਬੱਸ ਵਿਚ ਬਟਾਲੇ ਦੀਆਂ ਸਵਾਰੀਆਂ ਬਿਠਾਉਣ ਲਈ ਹੋਕਾ ਦੇਣ ਲੱਗ ਪਿਆ। ਮੈਂ ਆਪਣਾ ਬੈਗ ਕੱਛ ਵਿਚ ਦੇ ਕੇ ਸਾਮਾਨ ਦੇਣ ਵਾਲੇ ਨੂੰ ਫੋਨ ਮਿਲਾਉਣ ਲੱਗ ਪਿਆ। ਥੋੜ੍ਹੀ ਦੇਰ ਬਾਅਦ ਉਹ ਆ ਗਿਆ। ਉਸ ਦੇ ਜ਼ੋਰ ਦੇਣ ਤੇ ਅਸੀਂ ਬੱਸ ਅੱਡੇ ਐ ਅੰਦਰ ਹੀ ਬਣੇ ਢਾਬੇ ਵਿਚ ਬੈਠ ਕੇ ਚਾਹ ਪੀਣ ਲੱਗ ਪਏ। ਚਾਹ ਪੀ ਕੇ ਮੈਂ ਉਸ ਨੂੰ ਸਾਮਾਨ ਸੌਂਪ ਕੇ ਅਲਵਿਦਾ ਆਖੀ ਅਤੇ ਚੰਡੀਗੜ੍ਹ ਆਉਣ ਵਾਲੀ ਬੱਸ ਵਿਚ ਬੈਠ ਗਿਆ। ਹੁਣ ਵੀ ਪਹਿਲਾਂ ਵਰਗੀ ਰੋਡਵੇਜ਼ ਦੀ ਚਿੱਟੇ ਰੰਗ ਵਾਲੀ ਬੱਸ ਮਿਲ ਗਈ। ਇਹ ਬੱਸ ਵੀ ਫਗਵਾੜਾ, ਨਵਾਂਸ਼ਹਿਰ ਹੁੰਦੀ ਹੋਈ ਰੂਪਨਗਰ ਆ ਕੇ ਰੁਕੀ। ਰੂਪਨਗਰ ਪੁੱਜ ਕੇ ਕੰਡਕਟਰ ਨੇ ਸਵਾਰੀਆਂ ਨੂੰ ਚਾਹ ਪਾਣੀ ਪੀਣ ਲਈ ਆਖਿਆ। ਮੈਂ ਫਿਰ 'ਬਾਦਲ ਸਪੈਸ਼ਲ ਚੂਰਨ' ਵਾਲੀ ਹੱਟੀ ਤੇ ਪਹੁੰਚ ਗਿਆ। ਮੈਂ ਅਸਲ ਵਿਚ ਦੁਕਾਨਦਾਰ ਤੋਂ ਚੂਰਨ ਬਾਰੇ ਜਾਣਕਾਰੀ ਲੈਣੀ ਚਾਹੁੰਦਾ ਸਾਂ ਪਰ ਹੱਟੀ ਵਿਚ ਕੋਈ ਵੀ ਨਹੀਂ ਸੀ। ਥੋੜ੍ਹੀ ਦੇਰ ਬਾਅਦ ਬੱਸ ਉਥੋਂ ਤੁਰ ਪਈ। ਬੱਸ ਵਿਚ ਬੈਠਾ ਮੈਂ ਕਦੇ ਡਰਾਈਵਰ ਕੰਡਕਟਰ ਵੱਲੋਂ ਸਵਾਰੀਆਂ ਦੀ ਸੁਰੱਖਿਆ ਨੂੰ ਅੱਖੋਂ ਓਹਲੇ ਕਰਕੇ ਬੱਸ ਦੇ ਕੈਬਿਨ ਵਿਚ ਰੱਖਣ ਵਾਲੇ ਸਾਮਾਨ ਬਾਰੇ ਸੋਚ ਰਿਹਾ ਸੀ, ਕਦੇ ਬਾਦਲ ਸਪੈਸ਼ਲ ਚੂਰਨ ਬਾਰੇ। ਮਨ ਗਵਾਹੀ ਦੇਣ ਲੱਗ ਪਿਆ ਕਿ ਬਾਦਲ ਸਪੈਸ਼ਲ ਚੂਰਨ ਵਾਲੇ ਦੀ ਹੱਟੀ ਤੇ ਜਿਵੇਂ ਕੋਈ ਗਾਹਕ ਦਿਖਾਈ ਸੀ ਨਹੀਂ ਦਿੰਦਾ, ਇਸੇ ਤਰ੍ਹਾਂ ਬਾਦਲ ਅਕਾਲੀ ਦਲ ਤੋਂ ਹੁਣ ਟਕਸਾਲੀ ਆਗੂ ਤੇ ਲੋਕ ਦੂਰ ਹੋ ਰਹੇ ਹਨ।ਸ਼ ਜੇ ਕੰਡਕਟਰ ਮੁਹਾਲੀ ਵਾਲਿਆਂ ਦੇ ਉਤਰਨ ਦਾ ਹੋਕਾ ਨਾ ਦਿੰਦਾ ਤਾਂ ਸ਼ਾਇਦ ਮੈਨੂੰ ਵੀ ਬਾਦਲ ਸਪੈਸ਼ਲ ਚੂਰਨ ਵਾਲੀਆਂ ਸੋਚਾਂ ਨੇ ਚੰਡੀਗੜ੍ਹ ਪਹੁੰਚਾ ਦੇਣਾ ਸੀ। ਖ਼ੈਰ! ਘਰ ਆ ਕੇ ਇੰਟਰਨੈੱਟ ਦੀ ਮਦਦ ਨਾਲ ਬਾਦਲ ਸਪੈਸ਼ਲ ਚੂਰਨ ਬਾਰੇ ਫਰੋਲਣ ਲੱਗ ਪਿਆ। ਪ੍ਰੋਡੈਕਟ ਦਾ ਪਤਾ ਗਾਜ਼ੀਆਬਾਦ (ਉੱਤਰ ਪ੍ਰਦੇਸ਼) ਦਾ ਸੀ, ਫੋਨ ਨੰਬਰ ਵੀ ਮਿਲ ਗਿਆ। ਨੰਬਰ ਮਿਲਾਇਆ ਤਾਂ ਜਾਣਕਾਰੀ ਹਾਸਲ ਹੋਈ ਕਿ ਜਿਸ ਵੈਦ ਦੀ ਬਾਦਲ ਸਪੈਸ਼ਲ ਚੂਰਨ ਵਾਲੀ ਡੱਬੀ ਉੱਤੇ ਫੋਟੋ ਲੱਗੀ ਹੋਈ ਹੈ, ਉਸ ਨੇ ਆਪਣੇ ਪੋਤੇ ਦੇ ਨਾਮ ਤੇ ਚੂਰਨ ਦਾ ਨਾਮ ਬਾਦਲ ਰੱਖਿਆ ਹੋਇਆ ਹੈ।

# ਪੰਜਾਬ ਦੇ ਕਾਇਆਕਲਪ ਦੀ ਲੋੜ

ਪੰਜ+ਆਬ ਜਿਸ ਨੂੰ ਪੰਜ ਪਾਣੀਆਂ ਦੀ ਧਰਤੀ ਆਖਿਆ ਜਾਂਦਾ ਸੀ। ਇੱਥੋਂ ਦੇ ਲੋਕਾਂ ਦੀ ਭਾਈਚਾਰਕ ਸਾਂਝ ਪੰਜਾਬ ਦੀ ਸ਼ਾਨ ਨੂੰ ਹੋਰ ਚਾਰ ਚੰਨ ਲਾਉਂਦੀ ਸੀ। ਸਮੇਂ ਦੇ ਨਾਲ ਪੰਜਾਬ ਦੀ ਧਰਤੀ ਦੀ ਰਾਜਨੀਤਕ ਲਾਲਸਾਵਾਂ ਕਾਰਨ ਵੰਡ ਹੁੰਦੀ ਗਈ। ਪੰਜ ਤੋਂ ਦੋ ਦਰਿਆਵਾਂ ਦੀ ਧਰਤੀ, ਪਹਾੜੀ ਇਲਾਕੇ ਨੂੰ ਪੰਜਾਬ ਤੋਂ ਅਲੱਗ ਕਰਨਾ। ਅੰਤ ਹਰਿਆਣੇ ਨੂੰ ਵੀ ਪੰਜਾਬ ਤੋਂ ਅਲੱਗ ਕਰ ਦਿੱਤਾ ਗਿਆ ਜਿਸ ਕਾਰਨ ਇਸ ਦੀਆਂ ਭੂਗੋਲਿਕ ਹੱਦਾਂ ਤਾਂ ਘਟਾ ਦਿੱਤੀਆਂ ਗਈਆਂ ਪਰ ਪੰਜਾਬੀ ਭਾਸ਼ਾ ਨੂੰ ਕਿਸੇ ਕਿਸਮ ਦੀ ਰੁਕਾਵਟ ਨਾ ਆਈ। ਇਹ ਪੰਜਾਬ ਤੋਂ ਬਾਹਰ ਭਾਰਤ ਹੀ ਨਹੀਂ, ਦੁਨੀਆ ਦੇ ਕੋਨੇ-ਕੋਨੇ ਤਕ ਪਹੁੰਚ ਗਈ। ਪੰਜਾਬੀ ਸ਼ੁਰੂ ਤੋਂ ਹੀ ਸਿਰੜੀ ਰਹੇ ਹਨ। ਉਨ੍ਹਾਂ ਆਪਣੀ ਮਿਹਨਤ ਸਦਕਾ ਪੂਰੀ ਦੁਨੀਆ ਵਿਚ ਆਪਣੀ ਵਿਲੱਖਣ ਪਛਾਣ ਕਾਇਮ ਕੀਤੀ ਹੈ। ਅੱਜ ਵੀ ਹਰੇਕ ਖੇਤਰ ਵਿਚ ਉਹ ਆਪਣਾ ਬਹੁਮੁੱਲਾ ਯੋਗਦਾਨ ਪਾ ਰਹੇ ਹਨ।

ਦੁਖਦਾਈ ਗੱਲ ਇਹ ਹੈ ਕਿ ਪੰਜਾਬੀਆਂ ਦੀ ਜਨਮ ਭੂਮੀ ਪੰਜਾਬ ਨੂੰ ਕੋਈ ਬੁਰੀ ਨਜ਼ਰ ਲੱਗ ਗਈ ਹੈ। ਅੱਜ ਪੰਜਾਬ ਦੇ ਹਾਲਾਤ ਕਿਸੇ ਤੋਂ ਲੁਕੇ ਨਹੀਂ ਹਨ। ਪੰਜਾਬ ਦੀ ਮਾੜੀ ਸਥਿਤੀ ਦਾ ਅੰਦਾਜ਼ਾ ਇੱਥੋਂ ਦੇ ਮੁੱਖ ਧੰਦੇ ਭਾਵ ਖੇਤੀਬਾੜੀ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਸੂਬੇ ਦਾ ਪੂਰਾ ਅਰਥਚਾਰਾ ਖੇਤੀਬਾੜੀ 'ਤੇ ਨਿਰਭਰ ਕਰਦਾ ਹੈ। ਅਜੋਕੇ ਸਮੇਂ ਪੰਜਾਬ ਨੇ ਦੇਸ਼ ਦੇ ਅੰਨ ਭੰਡਾਰ ਨੂੰ ਤਾਂ ਭਰ ਦਿੱਤਾ ਹੈ ਪਰ ਆਪਣਾ ਪੌਣ-ਪਾਣੀ ਬਹੁਤ ਪਲੀਤ ਕਰਵਾ ਲਿਆ ਹੈ। ਇਸੇ ਕਾਰਨ ਪੰਜਾਬ ਦੇ ਕਈ ਇਲਾਕਿਆਂ ਵਿਚ ਬਹੁਤ ਭਿਆਨਕ ਬਿਮਾਰੀਆਂ ਪੈਰ ਪਸਾਰ ਚੁੱਕੀਆਂ ਹਨ। ਖ਼ਾਸ ਤੌਰ 'ਤੇ ਮਾਲਵਾ ਖੇਤਰ ਨੂੰ ਤਾਂ ਕੈਂਸਰ ਬੈਲਟ ਆਖਿਆ ਜਾਣ ਲੱਗ ਪਿਆ ਹੈ ਕਿਉਂਕਿ ਇੱਥੋਂ ਦੇ ਬਹੁਤੇ ਲੋਕ ਕੈਂਸਰ, ਕਾਲਾ ਪੀਲੀਆ, ਗੁਰਦੇ ਅਤੇ ਸ਼ੂਗਰ ਦੀਆਂ ਬਿਮਾਰੀਆਂ ਤੋਂ ਪੀੜਤ ਹਨ। ਇਸ ਸਭ ਦੀ ਮੁੱਖ ਵਜ੍ਹਾ ਖੇਤੀਬਾੜੀ ਵਿਚ ਕੀਤੀ ਜਾ ਰਹੀ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਹੈ।

ਭਾਰਤ ਵਿਚ 1988 ਵਿਚ ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲੇ ਦੀ ਸਥਾਪਨਾ ਹੋਈ ਸੀ। ਉਸ ਦਾ ਮੁੱਖ ਮੰਤਵ ਪੇਂਡੂ ਖੇਤਰ ਵਿਚ ਉਦਯੋਗ ਲਗਾਉਣ ਅਤੇ ਕਿਸਾਨਾਂ ਦੀਆਂ ਉਪਜਾਂ ਦੀ ਸਾਂਭ-ਸੰਭਾਲ ਕਰ ਕੇ ਉਨ੍ਹਾਂ ਦੀ ਬਰਾਮਦ ਦਾ ਇੰਤਜ਼ਾਮ ਕਰਨਾ, ਖੇਤੀ ਰਹਿੰਦ-ਖੂੰਹਦ ਦੀ ਸਹੀ ਵਰਤੋਂ, ਫ਼ਸਲਾਂ ਦਾ ਵੱਧ ਤੋਂ ਵੱਧ ਮੁੱਲ ਦਿਵਾਉਣ ਲਈ ਯੋਗ ਕਦਮ ਪੁੱਟਣਾ ਸੀ ਪਰ ਪੰਜਾਬ ਲਈ ਉਹ ਕਾਰਗਰ ਸਿੱਧ ਨਹੀਂ ਹੋ ਰਿਹਾ। ਇਸੇ ਕਾਰਨ ਖੇਤੀ ਵੰਨ-ਸੁਵੰਨਤਾ ਨੂੰ ਹੁਲਾਰਾ ਨਹੀਂ ਮਿਲ ਰਿਹਾ।

ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜੇਸ਼ਨ (ਐੱਨਐੱਸਓ) ਦੇ ਅੰਕੜਿਆਂ ਅਨੁਸਾਰ ਦੇਸ਼ ਦੇ 52 ਫ਼ੀਸਦੀ ਕਿਸਾਨ ਪਰਿਵਾਰਾਂ 'ਤੇ ਕਰਜ਼ਾ ਹੈ। ਅਜਿਹੇ 'ਚ ਜੇਕਰ ਕਿਸਾਨਾਂ ਦੀ ਆਮਦਨ ਨਹੀਂ ਵੱਧਦੀ ਤਾਂ ਭਵਿੱਖ ਵਿਚ ਉਨ੍ਹਾਂ ਲਈ ਹੋਰ ਪਰੇਸ਼ਾਨੀਆਂ ਖੜ੍ਹੀਆਂ ਹੋ ਸਕਦੀਆਂ ਹਨ। ਕਰਜ਼ਾ ਮੁਕਤੀ ਵੀ ਕਿਸਾਨੀ ਸੰਕਟ ਦਾ ਸਥਾਈ ਹੱਲ ਨਹੀਂ ਹੈ।

ਜ਼ਮੀਨ, ਪਾਣੀ ਦੇ ਸਰੋਤ ਸੰਭਾਲ ਖੋਜ ਸੰਸਥਾ ਤੇ ਟਰੇਨਿੰਗ ਕੇਂਦਰ ਦੇਹਰਾਦੂਨ ਅਨੁਸਾਰ ਭਾਰਤ ਵਿਚ ਪਿਛਲੇ ਕੁਝ ਸਾਲਾਂ ਵਿਚ ਰਸਾਇਣਕਾਂ ਖਾਦਾਂ, ਕੀਟਨਾਸ਼ਕਾਂ ਦੇ ਅਥਾਹ ਮਾਤਰਾ ਵਿਚ ਵਰਤੋਂ ਕਾਰਨ ਹਰ ਸਾਲ 53.40 ਕਰੋੜ ਟਨ ਮਿੱਟੀ ਜ਼ਹਿਰੀਲੀ ਬਣ ਰਹੀ ਹੈ। ਇਸ ਸਭ ਦੇ ਬਾਵਜੂਦ ਖੇਤੀ ਵਿਚ ਰਸਾਇਣਾਂ ਦੀ ਵਰਤੋਂ ਦਿਨੋ-ਦਿਨ ਵੱਧ ਰਹੀ ਹੈ।

ਨੈਸ਼ਨਲ ਗਰੀਨ ਟ੍ਰਿਬਿਊਨਲ ਨੇ 10 ਦਸੰਬਰ 2015 ਨੂੰ ਪੰਜਾਬ ਸਮੇਤ ਕੌਮੀ ਰਾਜਧਾਨੀ ਖੇਤਰ ਵਿਚ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਸੀ। ਫਿਰ ਵੀ ਇਸ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਨਹੀਂ ਕੀਤਾ ਗਿਆ। ਇਸ ਵਿਚ ਸੂਬਾ ਸਰਕਾਰਾਂ ਦੀ ਅਹਿਮ ਭੂਮਿਕਾ ਹੁੰਦੀ ਹੈ ਪਰ ਉਹ ਵੋਟ ਬੈਂਕ ਕਾਰਨ ਇਸ਼ ਪਾਬੰਦੀ ਨੂੰ ਅਮਲੀਜਾਮਾ ਨਹੀਂ ਪੁਆ ਰਹੀਆਂ।

ਸਾਲਾਨਾ ਰਾਜ ਵਿੱਦਿਅਕ ਰਿਪੋਰਟ 2017 ਮੁਤਾਬਕ ਕਿਸਾਨਾਂ ਦੇ 14 ਤੋਂ 18 ਸਾਲ ਤਕ ਦੇ ਬੱਚੇ ਪੜ੍ਹਾਈ ਦੇ ਨਾਲ-ਨਾਲ ਖੇਤੀਬਾੜੀ ਵਿਚ ਮਦਦ ਕਰਦੇ ਹਨ ਪਰ ਇਨ੍ਹਾਂ 'ਚੋ ਸਿਰਫ਼ 1.2 ਫ਼ੀਸਦੀ ਮੁੰਡੇ ਹੀ ਭਵਿੱਖ 'ਚ ਆਪਣੇ ਕਿਸਾਨੀ ਧੰਦੇ ਨਾਲ ਜੁੜੇ ਰਹਿਣਾ ਚਾਹੁੰਦੇ ਹਨ। ਪੜ੍ਹੀ-ਲਿਖੀ ਨੌਜਵਾਨ ਪੀੜ੍ਹੀ ਦੇ ਮਨੋਬਲ ਨੂੰ ਤੇਜ਼ੀ ਨਾਲ ਢਾਹ ਲੱਗ ਰਹੀ ਹੈ। ਰੁਜ਼ਗਾਰ ਦੀ ਪ੍ਰਾਪਤੀ ਲਈ ਉਹ ਸੂਬੇ ਨੂੰ ਛੱਡ ਰਹੇ ਹਨ ਜਾਂ ਦਸਵੀਂ-ਬਾਰ੍ਹਵੀਂ ਤੋਂ ਬਾਅਦ ਆਈਲੈਟਸ ਕਰ ਕੇ ਵਿਦੇਸ਼ਾਂ ਵੱਲ ਰੁਖ਼ ਕਰ ਰਹੇ ਹਨ ਕਿਉਂਕਿ ਪੰਜਾਬ ਵਿਚ ਉਨ੍ਹਾਂ ਨੂੰ ਆਪਣਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ। ਪੰਜਾਬ ਦੀ ਜਵਾਨੀ ਲਈ ਨਸ਼ੇ ਵੀ ਵੱਡਾ ਖ਼ਤਰਾ ਬਣ ਚੁੱਕੇ ਹਨ। ਉਪਰੋਕਤ ਮਾੜੀ ਸਥਿਤੀ ਦਾ ਅਸਰ ਪੰਜਾਬ ਦੇ ਅਰਥਚਾਰੇ 'ਤੇ ਪੈਣਾ ਸ਼ੁਰੂ ਹੋ ਚੁੱਕਾ ਹੈ। ਖੇਤੀ ਅੱਜ ਮਹਿੰਗਾ ਧੰਦਾ ਬਣ ਚੁੱਕੀ ਹੈ। ਛੋਟੇ ਕਿਸਾਨਾਂ ਕੋਲ ਇੰਨਾ ਮਜ਼ਬੂਤ ਆਰਥਿਕ ਢਾਂਚਾ ਨਹੀਂ ਕਿ ਉਹ ਮਹਿੰਗੇ ਸੰਦ ਖ਼ਰੀਦ ਸਕਣ। ਜੇਕਰ ਛੋਟਾ ਕਿਸਾਨ ਕਣਕ/ਝੋਨੇ ਦੇ ਚੱਕਰ ਤੋਂ ਬਾਹਰ ਨਿਕਲ ਕੇ ਖੇਤੀ ਵਿਭਿੰਨਤਾ ਨੂੰ ਅਪਨਾਉਂਦਾ ਹੈ ਤਾਂ ਵਾਜਬ ਮੁੱਲ ਨਾ ਮਿਲਣ ਕਾਰਨ ਖ਼ਰਚਾ ਆਮਦਨ ਤੋਂ ਜ਼ਿਆਦਾ ਹੋ ਜਾਂਦਾ ਹੈ।

ਖੇਤੀਬਾੜੀ ਤੋਂ ਇਲਾਵਾ ਪੰਜਾਬ ਦਾ ਵਿੱਦਿਅਕ ਢਾਂਚਾ ਨੂੰ ਵੀ ਦਰੁਸਤ ਨਹੀਂ ਹੈ। ਰੁਜ਼ਗਾਰਮੁਖੀ ਵਿੱਦਿਆ ਦੀ ਘਾਟ ਹੈ। ਸਿੱਖਿਆ ਨੀਤੀ ਦਾ ਸਹੀ ਤਰੀਕੇ ਨਾਲ ਲਾਗੂ ਨਾ ਹੋਣਾ ਪੰਜਾਬ ਦੇ ਨੌਜਵਾਨ ਵਰਗ ਨੂੰ ਵਿਦੇਸ਼ਾਂ 'ਚ ਆਪਣਾ ਭਵਿੱਖ ਤਲਾਸ਼ਣ ਲਈ ਮਜਬੂਰ ਕਰ ਰਿਹਾ ਹੈ। ਫਲਸਰੂਪ ਪੰਜਾਬ ਦੀ ਮੋਟੀ ਆਮਦਨ ਫੀਸਾਂ ਦੇ ਰੂਪ ਵਿਚ ਵਿਦੇਸ਼ ਜਾ ਰਹੀ ਹੈ। ਭਾਵੇਂ ਨੌਜਵਾਨ ਵਰਗ ਪੜ੍ਹਾਈ ਦੇ ਆਧਾਰ 'ਤੇ ਵਿਦੇਸ਼ ਜਾ ਰਿਹਾ ਹੈ ਪਰ ਉਸ ਦਾ ਮਕਸਦ ਉੱਥੇ ਪੜ੍ਹਾਈ ਕਰਨਾ ਘੱਟ ਤੇ ਵਸਣਾ ਜ਼ਿਆਦਾ ਹੈ ਕਿਉਂਕਿ ਉੱਥੋਂ ਦਾ ਵਾਤਾਵਰਨ ਉਨ੍ਹਾਂ ਦਾ ਮਨ ਮੋਹ ਲੈਂਦਾ ਹੈ। ਵਿਦਿਆਰਥੀਆਂ ਦੇ ਵਿਦੇਸ਼ ਪ੍ਰਤੀ ਮੋਹ ਦਾ ਅਸਰ ਹੁਣ ਪੰਜਾਬ ਵਿਚਲੀਆਂ ਵਿੱਦਿਅਕ ਸੰਸਥਾਵਾਂ 'ਤੇ ਵੀ ਦਿਖਾਈ ਦੇਣ ਲੱਗਾ ਹੈ। ਸੂਬੇ ਦੇ ਸਿਰਕੱਢਵੇਂ ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਘਟਣੀ ਸ਼ੁਰੂ ਹੋ ਚੁੱਕੀ ਹੈ। ਪ੍ਰਾਈਵੇਟ ਕਾਲਜਾਂ ਵਿਚ ਦਾਖ਼ਲੇ ਲੁਭਾਊ ਸਕੀਮਾਂ ਰਾਹੀਂ ਹੋ ਰਹੇ ਹਨ। ਜ਼ਿਆਦਾਤਰ ਵਿੱਦਿਅਕ ਸੰਸਥਾਵਾਂ ਤਾਂ ਵਿਦਿਆਰਥੀਆਂ ਦੀ ਕਮੀ ਕਾਰਨ ਬੰਦ ਹੋਣ ਦੇ ਕੰਢੇ ਪੁੱਜ ਚੁੱਕੀਆਂ ਹਨ। ਇਹ ਕਹਿੰਦਿਆਂ ਕੋਈ ਦੁੱਖ ਨਹੀਂ ਹੋ ਰਿਹਾ ਕਿ ਪੰਜਾਬ ਵਿਚ ਵਿੱਦਿਅਕ ਸੰਸਥਾਵਾਂ ਦਾ ਗਿਣਾਤਮਕ ਵਿਕਾਸ ਤਾਂ ਹੋਇਆ ਹੈ ਪਰ ਗੁਣਵੱਤਾ ਪੱਖੋਂ ਨਹੀਂ। ਪੂਰੇ ਪੰਜਾਬ ਵਿਚ ਲਗਪਗ 30 ਸਰਕਾਰੀ, ਪ੍ਰਾਈਵੇਟ ਤੇ ਡੀਮਡ (ਪੀਯੂ ਚੰਡੀਗੜ੍ਹ ਸਮੇਤ) ਯੂਨੀਵਰਸਿਟੀਆਂ ਅਤੇ ਇਨ੍ਹਾਂ ਨਾਲ ਸਬੰਧਤ ਸੈਂਕੜੇ ਕਾਲਜ ਸਿੱਖਿਆ ਦੇ ਖੇਤਰ ਵਿਚ ਯੋਗਦਾਨ ਪਾ ਰਹੇ ਹਨ। ਜੇਕਰ ਪ੍ਰਾਈਵੇਟ ਕਾਲਜਾਂ ਦੀ ਆਰਥਿਕ ਸਥਿਤੀ ਡਾਵਾਂਡੋਲ ਹੈ ਤਾਂ ਨਿਸ਼ਚੇ ਹੀ ਇਸ ਦਾ ਅਸਰ ਇਨ੍ਹਾਂ ਦੇ ਟੀਚਿੰਗ ਤੇ ਨਾਨ-ਟੀਚਿੰਗ ਸਟਾਫ਼ 'ਤੇ ਵੀ ਪਵੇਗਾ ਜੋ ਬਹੁਤ ਥੋੜ੍ਹੀ ਤਨਖ਼ਾਹ 'ਤੇ ਕੰਮ ਕਰਨ ਲਈ ਮਜਬੂਰ ਹੈ।

ਅਕਸਰ ਵਰਤਮਾਨ ਹੀ ਭਵਿੱਖ ਨੂੰ ਜਨਮ ਦਿੰਦਾ ਹੈ। ਇਸ ਲਈ ਇਹ ਅਤਿਕਥਨੀ ਨਹੀਂ ਕਿ ਆਉਣ ਵਾਲਾ ਸਮਾਂ ਪੰਜਾਬ ਲਈ ਨੌਜਵਾਨੀ ਤੋਂ ਸੱਖਣਾ ਹੋ ਸਕਦਾ ਹੈ। ਇਹੀ ਨਹੀਂ, ਪੰਜਾਬ ਵਿਚ ਉੱਚ ਨੌਕਰੀਆਂ ਕਰਨ ਵਾਲੇ ਮੁਲਾਜ਼ਮ ਵੀ ਹੋਰ ਸੂਬਿਆਂ ਤੋਂ ਹੋਣ ਦੀ ਸੰਭਾਵਨਾ ਵੱਧ ਗਈ ਹੈ। ਦਰਅਸਲ, ਪਰਵਾਸ ਕੋਈ ਨਵੀਨ ਸ਼ੈਲੀ ਨਹੀਂ ਹੈ। ਵਿਦੇਸ਼ਾਂ ਨੂੰ ਜਾਣ ਦਾ ਰੁਝਾਨ ਸਦੀਆਂ ਪੁਰਾਣਾ ਹੈ ਪਰ ਖ਼ਾਲੀ ਹੋ ਰਹੇ ਪੰਜਾਬ ਦੀ ਦਾਸਤਾਨ ਬਹੁਤ ਕੁਝ ਬਿਆਨ ਰਹੀ ਹੈ। ਸ਼ਾਇਦ ਪੰਜਾਬ ਦਾ ਮਾਹੌਲ ਨੌਜਵਾਨ ਪੀੜ੍ਹੀ ਨੂੰ ਰਾਸ ਨਹੀਂ ਆ ਰਿਹਾ। ਉਨ੍ਹਾਂ ਦਾ ਆਪਣੀ ਜਨਮ ਭੂਮੀ ਨਾਲ ਮੋਹ ਇਸ਼ ਕਾਰਨ ਘੱਟ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਸਰਕਾਰਾਂ ਦੀਆਂ ਗ਼ੈਰ-ਜ਼ਿੰਮੇਵਾਰਾਨਾ ਨੀਤੀਆਂ ਪਸੰਦ ਨਹੀਂ। ਸੂਬੇ ਵਿਚ ਆਮਦਨ ਦੇ ਸੋਮਿਆਂ ਦਾ ਘਟਣਾ-ਖ਼ਰਚਾ ਵਧਣੇ, ਭ੍ਰਿਸ਼ਟਾਚਾਰ, ਸਿਹਤ ਤੇ ਸਿੱਖਿਆ ਸਹੂਲਤਾਂ ਦੀ ਕਮੀ ਤੇ ਸਮਾਜਿਕ ਸੁਰੱਖਿਆ ਨਾਂ ਦੀ ਕੋਈ ਸ਼ੈਅ ਨਾ ਹੋਣਾ ਵੀ ਨੌਜਵਾਨ ਵਰਗ ਨੂੰ ਰੰਗਲੇ ਪੰਜਾਬ ਤੋਂ ਦੂਰ ਜਾਣ ਲਈ ਮਜਬੂਰ ਕਰ ਰਿਹਾ ਹੈ। ਜੇਕਰ ਅਸੀਂ ਸੱਚਮੁੱਚ ਪੰਜਾਬ ਨੂੰ ਮੁੜ ਲਹਿਰਾਂ-ਬਹਿਰਾਂ ਵਾਲੀ ਹਾਲਤ ਵਿਚ ਲਿਆਉਣਾ ਚਾਹੁੰਦੇ ਹਾਂ ਤਾਂ ਸਾਨੂੰ ਸ਼ੁਰੂਆਤ ਆਪਣੇ-ਆਪ ਤੋਂ ਹੀ ਕਰਨੀ ਹੋਵੇਗੀ।

ਇੱਥੇ ਮੁੱਖ ਤੌਰ 'ਤੇ ਖੇਤੀ ਤੇ ਖੇਤੀਬਾੜੀ ਨਾਲ ਸਬੰਧਤ ਸਨਅਤਾਂ ਨੂੰ ਹੱਲਾਸ਼ੇਰੀ ਦੇਣ ਦੀ ਜ਼ਰੂਰਤ ਹੈ ਤਾਂ ਜੋ ਰੁਜ਼ਗਾਰ ਦੇ ਮੌਕੇ ਵੱਧ ਸਕਣ। ਖ਼ਾਸ ਤੌਰ 'ਤੇ ਪੰਜਾਬ ਵਿਚ ਫ਼ਸਲਾਂ, ਸ਼ਬਜ਼ੀਆਂ, ਫ਼ਲਾਂ ਨਾਲ ਸਬੰਧਤ ਉਦਯੋਗ ਲੱਗਣੇ ਚਾਹੀਦੇ ਹਨ। ਸਿੱਖਿਆ ਨੀਤੀ ਵਿਚ ਵੀ ਸੁਧਾਰ ਹੋਵੇ। ਉਸ ਨੂੰ ਕਿੱਤਾ-ਮੁਖੀ ਕੋਰਸਾਂ ਵੱਲ ਜ਼ਿਆਦਾ ਉਤਸ਼ਾਹਿਤ ਕੀਤਾ ਜਾਵੇ ਤਾਂ ਕਿ ਨੌਜਵਾਨ ਵਰਗ ਆਪਣੇ ਕੰਮ ਪ੍ਰਤੀ ਗਿਆਨ ਤੇ ਤਜਰਬਾ ਹਾਸਲ ਕਰੇ ਅਤੇ ਆਪਣੇ ਸੁਨਹਿਰੀ ਭਵਿੱਖ ਦੀ ਭਾਲ ਆਪਣੀ ਜਨਮ ਭੂਮੀ ਵਿਚ ਹੀ ਕਰੇ। ਪੰਜਾਬ ਦੇ ਬਹੁ-ਗਿਣਤੀ ਮਹਿਕਮਿਆਂ ਵਿਚ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਵੱਢੀਖੋਰੀ ਨੂੰ ਜੜ੍ਹੋਂ ਖ਼ਤਮ ਕੀਤਾ ਜਾਵੇ ਅਤੇ ਖ਼ਾਲੀ ਅਸਾਮੀਆਂ ਨੂੰ ਤੁਰੰਤ ਭਰਿਆ ਜਾਵੇ। ਮਿਲਾਵਟਖੋਰੀ ਨੇ ਪੰਜਾਬ ਵਾਸੀਆਂ ਦੇ ਨਰੋਏ ਸਰੀਰਾਂ ਨੂੰ ਖੋਖਲਾ ਬਣਾ ਦਿੱਤਾ ਹੈ। ਮਿਲਾਵਟਖੋਰੀ ਨੂੰ ਸਖ਼ਤੀ ਨਾਲ ਨੱਥ ਪਾਉਣ ਦੀ ਲੋੜ ਹੈ। ਸਰਕਾਰ ਨਸ਼ਿਆਂ ਦੇ ਸੌਦਾਗਰਾਂ ਨੂੰ ਬਿਲਕੁਲ ਨਾ ਬਖਸ਼ੇ। ਪੈਦਾਵਾਰ ਭਾਵੇਂ ਥੋੜ੍ਹੀ ਹੋਵੇ ਪਰ ਮੌਜੂਦਾ ਸਮੇਂ ਇਸਤੇਮਾਲ ਹੋ ਰਹੇ ਖ਼ਤਰਨਾਕ ਰਸਾਇਣਾਂ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਜਾਵੇ ਤਾਂ ਜੋ ਲੋਕ ਸਿਹਤਮੰਦ ਬਣ ਸਕਣ। ਆਓ! ਨਵੀਂ ਪੀੜ੍ਹੀ ਨੂੰ ਸ਼ੁੱਧ ਵਾਤਾਵਰਨ ਅਤੇ ਖ਼ੁਸ਼ਹਾਲ ਪੰਜਾਬ ਸਮਰਪਿਤ ਕਰਨ ਦਾ ਤਹੱਈਆ ਕਰੀਏ।

ਪ੍ਰੋ. ਗੁਰਵੀਰ ਸਿੰਘ ਸਰੌਦ
-ਮੋਬਾਈਲ ਨੰ.: 94179-71451

# ਸੁੱਟੇ 18,000 ਬੰਬ ਅਤੇ 4,000 ਟਿਕਾਣੇ ਢੇਰ !

## ਆਈ. ਡੀ. ਐੱਫ਼. ਦੇ ਅੰਕੜਿਆਂ ਨੇ ਦੁਨੀਆਂ ਨੂੰ ਕੀਤਾ ਹੈਰਾਨ



ਤਹਿਰਾਨ, 15 ਅਪ੍ਰੈਲ (ਪ੍ਰਤੀਨਿਧੀ) : ਇਰਾਨ ਅਤੇ ਅਮਰੀਕਾ ਵਿੱਚਾਲੇ ਹੋਈ ਜੰਗਬੰਦੀ ਦਰਮਿਆਨ ਇਜ਼ਰਾਇਲੀ ਫੌਜ (ਆਈ. ਡੀ. ਐੱਫ਼.) ਨੇ ਪਿਛਲੇ 40 ਦਿਨਾਂ ਦੀ ਜੰਗ ਦਾ ਪੂਰਾ ਲੇਖਾ-ਜੋਖਾ ਪੇਸ਼ ਕੀਤਾ ਹੈ। ਇਜ਼ਰਾਇਲ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਇਰਾਨ ਵਿਰੁੱਧ ਚਲਾਏ ਗਏ 'ਆਪ੍ਰੇਸ਼ਨ ਰੋਅਰਿੰਗ ਲਾਇਨ' ਦੇ ਤਹਿਤ ਹੁਣ ਤਕ 18,000 ਤੋਂ ਵੱਧ ਬੰਬ ਸੁੱਟੇ ਹਨ, ਜਿਸ ਨਾਲ ਈਰਾਨ ਦੀ ਫ਼ੌਜੀ ਤਾਕਤ ਅਤੇ ਰੱਖਿਆ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਆਈ. ਡੀ. ਐੱਫ਼. ਦੁਆਰਾ ਜਾਰੀ ਰਿਪੋਰਟ ਅਨੁਸਾਰ ਇਸ ਪੂਰੇ ਅਭਿਆਨ ਦੌਰਾਨ ਈਰਾਨ ਦੇ 4,000 ਤੋਂ ਵੱਧ ਖੇਤਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਹਵਾਈ ਹਮਲਿਆਂ ਦੌਰਾਨ ਲੱਗਭਗ 10,800 ਸਟ੍ਰਾਈਕ ਪੁਆਇੰਟਾਂ 'ਤੇ ਹਮਲੇ ਕੀਤੇ ਗਏ, ਜਿਨ੍ਹਾਂ ਵਿੱਚ 6,700 ਤੋਂ ਵੱਧ ਈਰਾਨੀ ਫ਼ੌਜੀ ਬੁਨਿਆਦੀ ਢਾਂਚੇ ਦੇ ਅਹਿਮ ਹਿੱਸੇ ਸ਼ਾਮਲ ਸਨ। ਇਜ਼ਰਾਇਲ ਦਾ ਦਾਅਵਾ ਹੈ ਕਿ ਇਨ੍ਹਾਂ ਹਮਲਿਆਂ ਨੇ ਇਰਾਨ ਦੇ ਮਿਜ਼ਾਇਲ ਉਤਪਾਦਨ ਅਤੇ ਰੱਖਿਆ ਪ੍ਰਣਾਲੀ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਇਜ਼ਰਾਇਲੀ ਸੈਨਾ ਅਨੁਸਾਰ ਹਵਾਈ ਸੈਨਾ ਨੇ ਇਸ ਪੂਰੀ ਜੰਗ ਦੌਰਾਨ 8,500 ਤੋਂ ਵੱਧ ਉਡਾਣਾਂ ਭਰੀਆਂ। ਸਭ ਤੋਂ ਹੈਰਾਨੀਜਨਕ ਤੱਥ ਇਹ ਹੈ ਕਿ ਇਨ੍ਹਾਂ ਵਿੱਚੋਂ 1,000 ਤੋਂ ਵੱਧ ਮਿਸ਼ਨ ਸਿੱਧੇ ਤੌਰ 'ਤੇ ਇਰਾਨ ਦੀਆਂ ਸਰਹੱਦਾਂ ਦੇ ਅੰਦਰ ਜਾ ਕੇ ਅੰਜ਼ਾਮ ਦਿੱਤੇ ਗਏ। ਹਾਲਾਂਕਿ ਅਮਰੀਕਾ ਅਤੇ ਇਰਾਨ ਵਿੱਚਾਲੇ 2 ਹਫ਼ਤਿਆਂ ਦੀ ਜੰਗਬੰਦੀ ਤੈਅ ਹੋਈ ਹੈ, ਪਰ ਇਜ਼ਰਾਇਲ ਨੇ ਅਜੇ ਵੀ ਹਮਲੇ ਪੂਰੀ ਤਰ੍ਹਾਂ ਬੰਦ ਨਹੀਂ ਕੀਤੇ ਹਨ ਅਤੇ ਉਹ ਦੱਖਣੀ ਲਿਬਨਾਨ ਵਿੱਚ ਲਗਾਤਾਰ ਏਅਰਸਟ੍ਰਾਈਕ ਕਰ ਰਿਹਾ ਹੈ। ਇਜ਼ਰਾਇਲੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਜੰਗਬੰਦੀ ਮਹਿਜ਼ ਆਰਜ਼ੀ ਹੈ। ਇਜ਼ਰਾਇਲ ਇਸ ਸਮੇਂ ਦੀ ਵਰਤੋਂ ਆਪਣੇ ਹਥਿਆਰਾਂ ਦੇ ਭੰਡਾਰ ਅਤੇ ਇੰਟਰਸੈਪਟਰ ਸਿਸਟਮ ਨੂੰ ਦੁਬਾਰਾ ਭਰਨ ਲਈ ਕਰ ਰਿਹਾ ਹੈ ਤਾਂ ਜੋ ਹਿਜ਼ਬੁੱਲਾ ਅਤੇ ਹੋਰ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕੇ।

# ਸਪੇਨ ਦੇ ਇੱਕ ਪਿੰਡ 'ਚ ਮਿਲ ਰਿਹਾ ਮੁਫ਼ਤ ਘਰ ਤੇ ਪੱਕੀ ਨੌਕਰੀ, ਸਿਰਫ਼ ਪੂਰੀ ਕਰਨੀ ਪਵੇਗੀ ਇਹ ਸ਼ਰਤ



ਮੈਡਰਿਡ, 15 ਅਪ੍ਰੈਲ (ਪ੍ਰਤੀਨਿਧੀ): ਜੇਕਰ ਸ਼ਹਿਰਾਂ ਦੇ ਸ਼ੋਰ-ਸ਼ਰਾਬੇ ਤੋਂ ਦੂਰ ਪਹਾੜਾਂ ਦੀ ਗੋਦ ਵਿੱਚ ਰਹਿਣ ਦਾ ਸੁਪਨਾ ਦੇਖ ਰਹੇ ਹੋ, ਤਾਂ ਤੁਹਾਡੇ ਲਈ ਇੱਕ ਸੁਨਹਿਰੀ ਮੌਕਾ ਹੈ। ਸਪੇਨ ਦੇ ਸੋਰੀਆ ਖੇਤਰ ਵਿੱਚ ਸਥਿਤ ਇੱਕ ਛੋਟਾ ਜਿਹਾ ਪਿੰਡ ਅਰੇਨੀਆਸ ਉਨ੍ਹਾਂ ਪਰਿਵਾਰਾਂ ਨੂੰ ਮੁਫ਼ਤ ਘਰ ਅਤੇ ਪੱਕੀ ਨੌਕਰੀ ਦਾ ਸੱਦਾ ਦੇ ਰਿਹਾ ਹੈ, ਜੋ ਉੱਥੇ ਸਥਾਈ ਰੂਪ ਵਿੱਚ ਵੱਸਣ ਲਈ ਤਿਆਰ ਹਨ।

ਅਰੇਨੀਆਸ ਪਿੰਡ ਦੀ ਆਬਾਦੀ ਘਟ ਕੇ ਮਹਿਜ਼ 40 ਰਹਿ ਗਈ ਹੈ। 1950 ਦੇ ਦਹਾਕੇ ਤੋਂ ਹੀ ਲੋਕ ਲਗਾਤਾਰ ਸ਼ਹਿਰਾਂ ਵਲ ਭੱਜ ਰਹੇ ਹਨ, ਜਿਸ ਕਾਰਨ ਪਿੰਡ ਦੇ ਹੋਂਦ 'ਤੇ ਖ਼ਤਰਾ ਮੰਡਰਾ ਰਿਹਾ ਹੈ। ਆਪਣੀ ਘੱਟਦੀ ਆਬਾਦੀ ਨੂੰ ਬਚਾਉਣ ਲਈ ਪਿੰਡ ਦੀ ਪੰਚਾਇਤ ਨੇ ਇਹ ਨਵਾਂ ਤਜਰਬਾ ਸ਼ੁਰੂ ਕੀਤਾ ਹੈ।

**ਕੀ ਹਨ ਮੁੱਖ ਸ਼ਰਤਾਂ ?**

ਇਸ ਸੁਵਿੱਧਾ ਦਾ ਲਾਭ ਲੈਣ ਲਈ ਕੁਝ ਸਖ਼ਤ ਸ਼ਰਤਾਂ ਰੱਖੀਆਂ ਗਈਆਂ ਹਨ:

ਸਕੂਲ ਜਾਣ ਵਾਲੇ ਬੱਚੇ : ਅਪਲਾਈ ਕਰਨ ਵਾਲੇ ਪਰਿਵਾਰ ਵਿੱਚ ਸਕੂਲ ਜਾਣ ਵਾਲੇ ਬੱਚੇ ਹੋਣੇ ਲਾਜ਼ਮੀ ਹਨ।

ਸਥਾਈ ਰਿਹਾਇਸ਼ : ਪਰਿਵਾਰ ਨੂੰ ਪਿੰਡ ਵਿੱਚ ਹੀ ਪੱਕੇ ਤੌਰ 'ਤੇ ਰਹਿਣਾ ਹੋਵੇਗਾ।

ਕੰਮ ਦੀ ਜ਼ਿੰਮੇਵਾਰੀ : ਪਰਿਵਾਰ ਨੂੰ ਪਿੰਡ ਦੇ 'ਬਾਰ' ਨੂੰ ਚਲਾਉਣ ਦੀ ਜ਼ਿੰਮੇਵਾਰੀ ਉਠਾਉਣੀ ਹੋਵੇਗੀ ਅਤੇ ਨਗਰ ਪਾਲਿਕਾ ਨਾਲ ਜੁੜੇ ਮੁਰੰਮਤ ਅਤੇ ਨਿਰਮਾਣ ਕਾਰਜਾਂ ਵਿੱਚ ਹੱਥ ਵੰਡਾਉਣਾ ਹੋਵੇਗਾ।

**ਕਿਉਂ ਚਰਚਾ ਵਿੱਚ ਹੈ ਇਹ ਔਫ਼ਰ ?**

ਯੂਰਪ ਵਿੱਚ ਮੁਫ਼ਤ ਰਿਹਾਇਸ਼ ਮਿਲਣਾ ਬਹੁਤ ਹੀ ਦੁਰਲੱਭ ਹੈ। ਜਿੱਥੇ ਇਸ ਪਿੰਡ ਵਿੱਚ ਹੋਰਨਾਂ ਘਰਾਂ ਦਾ ਕਿਰਾਇਆ ਲੱਗਭਗ 9,000 ਰੁਪਏ ਪ੍ਰਤੀ ਮਹੀਨਾ ਹੈ, ਉੱਥੇ ਚੁਣੇ ਗਏ ਪਰਿਵਾਰ ਨੂੰ ਘਰ ਬਿਲਕੁੱਲ ਮੁਫ਼ਤ ਮਿਲੇਗਾ ਕਿਉਂਕਿ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਦੂਜਿਆਂ ਨਾਲੋਂ ਵੱਧ ਹੋਣਗੀਆਂ। ਇਸ ਔਫ਼ਰ ਦੇ ਜਾਰੀ ਹੋਣ ਦੇ ਇੱਕ ਹਫ਼ਤੇ ਦੇ ਅੰਦਰ ਹੀ 100 ਤੋਂ ਵੱਧ ਅਰਜ਼ੀਆਂ ਆ ਚੁੱਕੀਆਂ ਹਨ।

**ਰਹਿਣ-ਸਹਿਣ ਅਤੇ ਚੁਣੌਤੀਆਂ**

ਹਾਲਾਂਕਿ ਇਹ ਦੇਖਣ ਵਿੱਚ ਕਿਸੇ ਸੁਪਨੇ ਵਰਗਾ ਲੱਗਦਾ ਹੈ, ਪਰ ਇੱਥੇ ਜੀਵਨ ਚੁਣੌਤੀਪੂਰਨ ਵੀ ਹੈ:

ਦੂਰੀ ਅਤੇ ਆਵਾਜਾਈ : ਸਭ ਤੋਂ ਨਜ਼ਦੀਕੀ ਸਕੂਲ ਲੱਗਭਗ 20 ਕਿਲੋਮੀਟਰ ਦੂਰ ਹੈ, ਹਾਲਾਂਕਿ ਇਸ ਦੇ ਲਈ ਮੁਫ਼ਤ ਆਵਾਜਾਈ ਦੀ ਸਹੂਲਤ ਦਿੱਤੀ ਜਾਂਦੀ ਹੈ। ਪਬਲਿਕ ਟ੍ਰਾਂਸਪੋਰਟ ਸੀਮਤ ਹੋਣ ਕਾਰਨ ਆਪਣਾ ਵਾਹਨ ਹੋਣਾ ਜ਼ਰੂਰੀ ਹੈ।

ਸਰੀਰਕ ਮਿਹਨਤ : ਮਿਸਤਰੀ ਦਾ ਕੰਮ ਅਤੇ ਪੁਰਾਣੀਆਂ ਇਮਾਰਤਾਂ ਦੀ ਮੁਰੰਮਤ ਸਰੀਰਕ ਤੌਰ 'ਤੇ ਥਕਾ ਦੇਣ ਵਾਲੀ ਹੋ ਸਕਦੀ ਹੈ।

ਕਾਨੂੰਨੀ ਅਧਿਕਾਰ : ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਪ੍ਰੋਗਰਾਮ ਕੋਈ ਵੀਜ਼ਾ ਪ੍ਰਦਾਨ ਨਹੀਂ ਕਰਦਾ। ਅਪਲਾਈ ਕਰਨ ਵਾਲੇ ਵਿਅਕਤੀ ਕੋਲ ਸਪੇਨ ਵਿੱਚ ਰਹਿਣ ਅਤੇ ਕੰਮ ਕਰਨ ਦਾ ਕਾਨੂੰਨੀ ਅਧਿਕਾਰ ਪਹਿਲਾਂ ਹੀ ਹੋਣਾ ਚਾਹੀਦਾ ਹੈ। ਜੇਕਰ ਤੁਸੀਂ ਇੱਕ ਸ਼ਾਂਤ ਪੇਂਡੂ ਭਾਈਚਾਰੇ ਵਿੱਚ ਰਹਿਣ ਅਤੇ ਮਿਹਨਤ ਕਰਨ ਲਈ ਤਿਆਰ ਹੋ, ਤਾਂ ਵਧੇਰੇ ਜਾਣਕਾਰੀ ਲਈ ਪਿੰਡ ਦੀ ਅਧਿਕਾਰਤ ਵੈੱਬਸਾਈਟ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੰਗੀਤ ਨਾਲ ਜੁੜੀ ਲਗਨ ਨੇ ਜੌਨ ਮੈਕਫ਼ੈਡਨ ਨੂੰ ਦਿਵਾਇਆ ਅੰਤਰਰਾਸ਼ਟਰੀ ਸਨਮਾਨ

ਵੈਨਕੂਵਰ, 15 ਅਪ੍ਰੈਲ (ਪ੍ਰਤੀਨਿਧੀ) : ਕੈਨੇਡਾ ਦੇ ਪੈਟਰੋਲੀਆ ਸ਼ਹਿਰ ਨਾਲ ਸਬੰਧਤ ਜੌਨ ਮੈਕਫ਼ੈਡਨ ਦੀ ਸੰਗੀਤ ਪ੍ਰਤੀ ਲੰਬੇ ਸਮੇਂ ਦੀ ਲਗਨ ਨੇ ਉਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਵੱਡਾ ਮਾਣ ਦਿਵਾਇਆ ਹੈ। ਉਸ ਨੂੰ ਇੰਟਰਨੈਸ਼ਨਲ ਬਿਊਗਲਰਜ਼ ਹਾਲ ਔਫ ਫ਼ੇਮ ਵਿੱਚ ਸ਼ਾਮਲ ਕੀਤਾ ਗਿਆ ਹੈ, ਜੋ ਸੰਗੀਤ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਉਪਲਬੱਧੀ ਮੰਨੀ ਜਾਂਦੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 70 ਸਾਲਾ ਜੌਨ ਮੈਕਫ਼ੈਡਨ ਨਾਂ ਦੇ ਇਸ ਉੱਦਮੀ ਵਿਅਕਤੀ ਨੇ ਸਿਰਫ਼ 7 ਸਾਲ ਦੀ ਉਮਰ ਵਿੱਚ ਸਟ੍ਰੈਟਫ਼ੋਰਡ ਦੇ ਲੜਕਿਆਂ ਦੇ ਮਾਰਚਿੰਗ ਬੈਂਡ ਨਾਲ ਆਪਣੇ ਸੰਗੀਤਕ ਸਫ਼ਰ ਦੀ ਸ਼ੁਰੂਆਤ ਕੀਤੀ ਸੀ। ਇਸ ਸ਼ੁਰੂਆਤ ਤੋਂ ਬਾਅਦ ਉਹ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ ਅਤੇ ਸੰਗੀਤ ਨਾਲ ਉਸ ਦਾ ਨਾਤਾ ਲਗਾਤਾਰ ਮਜ਼ਬੂਤ ਹੁੰਦਾ ਗਿਆ।

# ਜਾਪਾਨ ਤਕ ਜਾ ਪਹੁੰਚਿਆ ਪਾਕਿਸਤਾਨ ਦਾ ਨਸ਼ਾ ਤਸਕਰੀ ਦਾ ਧੰਦਾ ! 800 ਕਰੋੜ ਦੇ ਨਸ਼ੇ ਸਣੇ 6 ਗ੍ਰਿਫ਼ਤਾਰ



ਟੋਕਿਓ , 15 ਅਪ੍ਰੈਲ (ਪ੍ਰਤੀਨਿਧੀ) : ਜਾਪਾਨ ਤੋਂ ਇੱਕ ਬੇਹੱਦ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ, ਜਿੱਥੇ ਜਾਪਾਨੀ ਅਧਿਕਾਰੀਆਂ ਨੇ ਇੱਕ ਵੱਡੇ ਨਸ਼ਾ ਤਸਕਰੀ ਨੈੱਟਵਰਕ ਦਾ ਪਰਦਾਫ਼ਾਸ਼ ਕੀਤਾ ਹੈ। ਪੁਲੀਸ ਨੇ ਇਸ ਮਾਮਲੇ ਵਿੱਚ ਇੱਕ ਪਾਕਿਸਤਾਨੀ ਮੂਲ ਦੇ ਵਿਅਕਤੀ ਤੇ 5 ਹੋਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ 'ਤੇ ਸੰਯੁਕਤ ਅਰਬ ਅਮੀਰਾਤ ਤੋਂ ਲੱਗਭਗ 14.3 ਅਰਬ ਯੇਨ (ਭਾਰਤੀ ਕਰੰਸੀ ਮੁਤਾਬਕ 800 ਕਰੋੜ ਰੁਪਏ ਤੋਂ ਵੱਧ) ਦੀ ਕੀਮਤ ਵਾਲੀ 270 ਕਿਲੋਗ੍ਰਾਮ ਉਤੇਜਕ ਦਵਾਈ ਜਾਪਾਨ ਵਿੱਚ ਤਸਕਰੀ ਕਰਨ ਦਾ ਦੋਸ਼ ਹੈ।

ਪੁਲੀਸ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਨਸ਼ੀਲਾ ਪਦਾਰਥ ਬਹੁਤ ਹੀ ਸ਼ਾਤਰ ਤਰੀਕੇ ਨਾਲ ਲੁਕਾਇਆ ਗਿਆ ਸੀ। ਦਸੰਬਰ ਵਿੱਚ ਟੋਕਿਓ ਬੰਦਰਗਾਹ 'ਤੇ ਪਹੁੰਚੇ ਇੱਕ ਕੰਟੇਨਰ ਵਿੱਚ ਸ਼ਿੰਗਾਰ ਸਮੱਗਰੀ ਵਜੋਂ ਵਰਤੇ ਜਾਣ ਵਾਲੇ ਚਿੱਟੇ ਪਾਊਡਰ ਦੇ 742 ਪੈਕੇਟ ਸਨ, ਜਿਨ੍ਹਾਂ ਵਿੱਚੋਂ 18 ਪੈਕੇਟਾਂ ਵਿੱਚ ਨਸ਼ਾ ਛੁਪਾਇਆ ਗਿਆ ਸੀ। ਟੋਕਿਓ ਪੁਲੀਸ ਨੇ 53 ਸਾਲਾ ਪਾਕਿਸਤਾਨੀ ਕਾਰ ਵਪਾਰੀ ਬੱਟ ਸ਼ਫ਼ਕਤ ਮੁਸ਼ਤਾਕ ਨੂੰ ਗਿਰੋਹ ਦਾ ਮੁੱਖ ਮੈਂਬਰ ਦੱਸਿਆ ਹੈ। ਹਾਲਾਂਕਿ, ਮੁਸ਼ਤਾਕ ਨੇ ਆਪਣੇ 'ਤੇ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਫ਼ੜੇ ਗਏ ਹੋਰ 5 ਵਿਅਕਤੀ ਪਾਕਿਸਤਾਨ ਅਤੇ ਸ਼੍ਰੀਲੰਕਾ ਦੇ ਨਾਗਰਿਕ ਹਨ, ਜਿਨ੍ਹਾਂ 'ਤੇ ਇਸ ਨਸ਼ਾ ਤਸਕਰੀ ਵਿੱਚ ਮਦਦ ਕਰਨ ਦਾ ਸ਼ੱਕ ਹੈ।

# ਮੇਲਾਨੀਆ ਟਰੰਪ ਨੇ ਜੈਫ਼ਰੀ ਐਪਸਟੀਨ ਨਾਲ ਸਬੰਧਾਂ ਦੇ ਦੋਸ਼ਾਂ ਨੂੰ ਕੀਤਾ ਖਾਰਜ

ਵਾਸ਼ਿੰਗਟਨ, 15 ਅਪ੍ਰੈਲ (ਪ੍ਰਤੀਨਿਧੀ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਤਨੀ ਮੇਲਾਨੀਆ ਟਰੰਪ ਨੇ ਜਿਣਸੀ ਅਪਰਾਧਾਂ ਦੇ ਦੋਸ਼ੀ ਜੈਫ਼ਰੀ ਐਪਸਟੀਨ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧਾਂ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਨੂੰ 'ਪੂਰੀ ਤਰ੍ਹਾਂ ਝੂਠੇ ਅਤੇ ਮਨਘੜਤ' ਦੱਸਦਿਆਂ ਇਸ ਨੂੰ ਆਪਣੀ ਸਾਖ ਨੂੰ ਨੁਕਸਾਨ ਪਹੁੰਚਾਉਣ ਦੀ ਇੱਕ ਸਾਜ਼ਿਸ਼ ਕਰਾਰ ਦਿੱਤਾ ਹੈ। ਮੇਲਾਨੀਆ ਨੇ ਕਿਹਾ ਕਿ ਉਨ੍ਹਾਂ ਨੂੰ ਬਦਨਾਮ ਕਰਨ ਲਈ ਉਨ੍ਹਾਂ ਦਾ ਨਾਂ ਜੈਫ਼ਰੀ ਐਪਸਟੀਨ ਨਾਲ ਜੋੜਨ ਵਾਲੇ ਝੂਠ ਹੁਣ ਬੰਦ ਹੋਣੇ ਚਾਹੀਦੇ ਹਨ। ਉਨ੍ਹਾਂ ਨੇ ਆਪਣੀ ਗੱਲ ਰੱਖਦਿਆਂ ਅੱਗੇ ਕਿਹਾ ਕਿ ਮੇਰੇ ਬਾਰੇ ਝੂਠ ਬੋਲਣ ਵਾਲੇ ਲੋਕਾਂ ਵਿੱਚ ਕੋਈ ਨੈਤਿਕਤਾ, ਨਿਮਰਤਾ ਜਾਂ ਸਤਿਕਾਰ ਦੀ ਭਾਵਨਾ ਨਹੀਂ ਹੈ।

ਮੇਲਾਨੀਆ ਨੇ ਸਪੱਸ਼ਟ ਕੀਤਾ ਕਿ ਉਹ ਆਪਣੀ ਪ੍ਰਤਿੱਸ਼ਠਾ ਨੂੰ ਨੁਕਸਾਨ ਪਹੁੰਚਾਉਣ ਦੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਸਿਰੇ ਤੋਂ ਖਾਰਜ ਕਰਦੀ ਹੈ।

# "ਦੁੱਗਣੇ ਹੋ ਗਏ ਬੱਸਾਂ ਦੇ ਕਿਰਾਏ ! ਪੂਰੇ ਪੈਸੇ ਦਿਓ ਨਹੀਂ ਤਾਂ ਉਤਰ ਜਾਓ..!

ਇਸਲਾਮਾਬਾਦ , 15 ਅਪ੍ਰੈਲ (ਪ੍ਰਤੀਨਿਧੀ) : ਮਿਡਲ ਈਸਟ 'ਚ ਛਿੜੀ ਹੋਈ ਜੰਗ ਕਾਰਨ ਜਿੱਥੇ ਸਾਰੀ ਦੁਨੀਆਂ ਤੇਲ ਤੇ ਗੈਸ ਦੀ ਕਿੱਲਤ ਨਾਲ ਜੂਝ ਰਹੀ ਹੈ, ਉੱਥੇ ਹੀ ਭਾਰਤ ਦੇ ਗੁਆਂਢੀ ਮੁਲਕ ਪਾਕਿਸਤਾਨ 'ਚ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਇਸ ਤੰਗੀ ਦੇ ਦੌਰ 'ਚ ਹੁਣ ਪਾਕਿਸਤਾਨ ਦੇ ਇਕਨੌਮੀ ਹੱਬ ਕਰਾਚੀ ਵਿੱਚ ਆਮ ਲੋਕਾਂ ਨੂੰ ਪਬਲਿਕ ਟਰਾਂਸਪੋਰਟ ਦੀ ਵਰਤੋਂ ਕਰਦੇ ਸਮੇਂ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੰਧ ਸਰਕਾਰ ਵਲੋਂ ਕਿਰਾਏ ਸਥਿਰ ਰੱਖਣ ਅਤੇ ਤੇਲ 'ਤੇ ਸਬਸਿਡੀ ਦੇਣ ਦੇ ਹੁਕਮਾਂ ਦੇ ਬਾਵਜੂਦ, ਬੱਸ ਅਤੇ ਰਿਕਸ਼ਾ ਮਾਲਕਾਂ ਨੇ ਕਿਰਾਇਆਂ ਵਿੱਚ ਭਾਰੀ ਵਾਧਾ ਕਰ ਦਿੱਤਾ ਹੈ। ਪਾਕਿਸਤਾਨੀ ਅਖ਼ਬਾਰ 'ਡੌਨ' ਅਨੁਸਾਰ, ਸਰਕਾਰ ਨੇ ਤੇਲ ਦੀਆਂ ਕੀਮਤਾਂ ਵਿੱਚ ਉਤਾਰ-ਚੜ੍ਹਾਅ ਤੋਂ ਬਚਾਉਣ ਲਈ ਟਰਾਂਸਪੋਰਟਰਾਂ ਨੂੰ ਸਬਸਿਡੀ ਦੇਣ ਦਾ ਵਾਅਦਾ ਕੀਤਾ ਸੀ, ਪਰ ਟਰਾਂਸਪੋਰਟ ਯੂਨੀਅਨਾਂ ਨੇ ਪੁਰਾਣੇ ਕਿਰਾਏ ਲਾਗੂ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਕਰਾਚੀ ਵਿੱਚ ਘੱਟ ਦੂਰੀ ਦਾ ਕਿਰਾਇਆ, ਜੋ ਪਹਿਲਾਂ 20-30 ਰੁਪਏ ਸੀ, ਹੁਣ 50-60 ਰੁਪਏ ਵਸੂਲਿਆ ਜਾ ਰਿਹਾ ਹੈ। ਸਵਾਰੀਆਂ ਦਾ ਕਹਿਣਾ ਹੈ ਕਿ ਜਦੋਂ ਉਹ ਸਰਕਾਰੀ ਹੁਕਮਾਂ ਦਾ ਹਵਾਲਾ ਦਿੰਦੇ ਹਨ, ਤਾਂ ਉਨ੍ਹਾਂ ਨੂੰ ਗੱਡੀ ਵਿੱਚੋਂ ਉਤਰਨ ਲਈ ਕਹਿ ਦਿੱਤਾ ਜਾਂਦਾ ਹੈ। ਉੱਥੇ ਹੀ ਕਾਲਜ ਜਾਣ ਵਾਲੇ ਵਿੱਦਿਆਰਥੀਆਂ ਦਾ ਕਹਿਣਾ ਹੈ ਕਿ ਰੋਜ਼ਾਨਾ 60 ਰੁਪਏ ਦਾ ਵਾਧੂ ਖ਼ਰਚਾ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋ ਰਿਹਾ ਹੈ। ਸਕੂਲ ਵੈਨਾਂ ਦੀਆਂ ਫ਼ੀਸਾਂ ਵਿੱਚ ਵੀ 1,000 ਤੋਂ 2,000 ਰੁਪਏ ਪ੍ਰਤੀ ਮਹੀਨਾ ਦਾ ਵਾਧਾ ਕੀਤਾ ਗਿਆ ਹੈ। ਦੂਜੇ ਪਾਸੇ, ਖ਼ੈਬਰ ਪਖ਼ਤੂਨਖ਼ਵਾ ਅਤੇ ਪਿਸ਼ਾਵਰ ਵਿੱਚ 3ਟ7 ਸਟੇਸ਼ਨ ਬੰਦ ਹੋਣ ਕਾਰਨ ਹਾਲਾਤ ਹੋਰ ਵੀ ਖ਼ਰਾਬ ਹੋ ਗਏ ਹਨ। ਗੈਸ ਦੀ ਘਾਟ ਕਾਰਨ ਜ਼ਿਆਦਾਤਰ ਸਕੂਲ ਵੈਨਾਂ ਅਤੇ ਬੱਸਾਂ ਖੜ੍ਹੀਆਂ ਹੋ ਗਈਆਂ ਹਨ। ਜੋ ਗੱਡੀਆਂ ਪੈਟਰੋਲ 'ਤੇ ਚੱਲ ਰਹੀਆਂ ਹਨ, ਉਨ੍ਹਾਂ ਨੇ ਕਿਰਾਏ ਇੰਨੇ ਵਧਾ ਦਿੱਤੇ ਹਨ ਕਿ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ।


